ਮਾਸਕ

# ਵਰਿਆਮ

ਜੂਨ
1978

ਜਿਲਦ ਨੰ: 3 ਅੰਕ ਨੰ: 8


# ਜੂਨ 1978


ਪ੍ਰਕਾਸ਼ਨ ਮਿਤੀ 6—6—1978

ਮੁੱਖ ਸੰਪਾਦਕ : ਜਗਦੀਸ਼ ਸਿੰਘ


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਜ਼, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।


ਮੁੱਲ ਪ੍ਰਤੀ ਕਾਪੀ : 1 ਰੁਪਿਆ
ਸਾਲਾਨਾ ਚੰਦਾ ਦੇਸ : 12 ਰੁਪਏ
,, ,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ
,, ,, ਵਿਦੇਸ਼ : 100 ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : 200 ਰੁਪਏ


ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ – 144001,
ਫੋਨ : 72504 ਪੀ. ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P.P.





Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


: 269656
Phones : Office : 275938
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

**Manufacturers & Suppliers of :**

**TUKRIDAR PRINTED SHAMIANAS & KANATS**

**FOR ALL KINDS, IN ATTRACTIVE AND GUARANTEED FAST COLOURS;**

**WOODEN & STEEL FURNITURE**

**PLEASE CONTACT**

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DLHI-110006**




Namdhari Elibrary NamdhariElibrary@gmail.com

# ਵਸਣਾ ਪਹਾੜੇ ਦਾ ਭਲਾ

—ਪ੍ਰੀਤਮ ਸਿੰਘ ਕਵੀ

ਅਪਰੈਲ ਦੇ ਆਰੰਭ ਵਿਚ 10 ਦਿਨ ਬੰਬਈ ਦੀ ਗਰਮੀ ਦਾ ਅਨੁਭਵ ਕੀਤਾ : ਧੁੱਪ ਤੇਜ਼ ਤੇ ਚਮਕੀਲੀ, ਪਿੰਡੇ ਤੇ ਮੁੜ੍ਹਕਾ ਅਤੇ ਚਿਪਚਪਾਹਟ। ਭਾਵੇਂ ਸੁਖ ਪਰ ਸਮੁੰਦਰ ਕੰਢੇ ਗਿਆਂ ਥਕਾਵਟਾਂ ਕਾਫੂਰ। ਸਮੁੰਦਰ ਨੂੰ ਚੱਟ ਚੱਟ ਆਉਂਦੀ ਹਵਾ ਤਬੀਅਤ ਨੂੰ ਬਸ਼ਾਸ਼ ਕਰ ਦਿੰਦੀ ਹੈ। ਸ਼ਾਇਦ ਏਸੇ ਸੁਖ ਕਾਰਨ ਸਾਥੀਆ ਨਾਲ ਰਾਤੀਂ ਦੋ-ਦੋ ਵਜੇ ਤਕ ਸਮੁੰਦਰੀ ਪੌਣ ਭਖਦੇ।

ਦਿੱਲੀ ਆਇਆਂ ਏਥੇ ਦੀ ਗਰਮੀ ਨੇ ਨਾਨੀ ਯਾਦ ਕਰਵਾ ਦਿਤੀ। ਬਹਾਨਾ ਮਿਲ ਗਿਆ : ਕੁਝ ਲਿਖਣਾ ਏ, ਅਜੇਹੇ ਵਿਚ ਤਾਂ ਸੁਰਤ ਹੀ ਟਿਕਾਣੇ ਨਹੀਂ ਰਹਿੰਦੀ। ਦਿਮਾਗੀ ਬੌਂਗੇਪਣ ਵਿਚ ਰਚਨਾ ਕਿਥੇ ? ਅਤੇ ਮਈ ਦੇ ਆਗਾਜ਼ ਵਿਚ ਹੀ ਜਿਉਂ ਇਕ ਰਾਤੀ J-C-199 ਰਾਜੌਰੀ ਗਾਰਡਨ ਛਡਿਆ ਕਿ ਸਵੇਰੇ 6 ਵਜਦੇ ਨੂੰ, ਅਗਲੇ ਦਿਨ, ਮੰਡੀ ਬਸ ਬਦਲੀ ਵਾਸਤੇ ਆ ਰੁਕੇ। ਸੁਤੇ ਪਿਆਂ ਹੀ ਬੱਸ ਦਾ ਲੰਮਾ ਤੇ ਔਖਾ ਸਫਰ ਹੋ ਚੁਕਾ ਸੀ। ਮੰਡੀ ਇੰਜ ਲੱਗੀ ਜਿਵੇਂ ਉਰਿਆਂ ਪਹਾੜਾਂ ਦੀ ਧੂੰਨੀ ਹੋਵੇ। ਪ੍ਰਭਾਤ ਦੇ ਚਾਨਣ ਵਿਚ ਇਹ ਪਹਾੜੀ ਜ਼ਿਲਾ ਸੁਹਣਾ-ਸੁਹਣਾ ਜਿਹਾ ਲੱਗਿਆ ਪਰ ਅਜ ਕਲ੍ਹ ਏਥੋਂ ਦੀ ਦੁਪਹਿਰ ਵੀ ਕੰਨੀਂ ਹੱਥ ਲੁਆ ਦਿੰਦੀ।

ਬੱਸ ਆਉਂਦਿਆਂ ਕਰਦਿਆਂ ਨੂੰ ਚਾਹ ਵਗੈਰਾ ਪੀ ਕੇ ਅਗਲੇ ਸਫ਼ਰ ਲਈ ਤਿਆਰੀ ਵੱਟ ਲਈ। 7-15 ਵਜੇ ਬੱਸ ਮਿਲੀ। ਰੀਜ਼ਰਵੇਸ਼ਨ ਤੇ ਟਿਕਟ ਬੇਸ਼ਕ ਕੁਲੂ ਤਕ ਸੀ ਪਰ ਭੂੰਤਰ ਹੀ ਆਣ ਲੱਥਾ। ਮੇਰੇ ਨਾਲ ਪੋਤਰਾ ਯਾਦ-ਵਿੰਦਰ ਸਿੰਘ ਵੀ ਸੀ।

ਸਵੇਰ ਦੇ ਦਸ ਵਜ ਚੁਕੇ ਸਨ। 60 ਕਿਲੋਮੀਟਰ ਪੌਣੇ ਤਿੰਨ ਘੰਟਿਆ ਵਿਚ ? ਪਰ ਬਾਬਾ, ਪਹਾੜ ਹੈ, ਕਿਰੇ ਠਾਹਰ ਨਾਹਿ। ਏਥੇ ਰੌਣਕਾਂ ਸਨ। ਬਿਆਸ ਕੰਢੇ ਵਸਿਆ, ਹਰਿਆਲੇ ਪਹਾੜਾਂ ਨਾਲ ਘਿਰਿਆ, ਪਹਾੜਾ ਵਿਚ ਇਹ ਮੋਕਲਾ ਮੋਕਲਾ ਥਾਂ ਹੈ। ਪਹਾੜੀ ਪਿੰਡਾਂ ਕਸਬਿਆਂ ਲਈ ਮੰਡੀ। ਏਥੇ ਇਕ ਹਵਾਈ ਅੱਡਾ ਵੀ ਹੈ। ਜਿਥੇ ਅਜ ਕਲ 3 ਸੀਟਰ ਜਹਾਜ਼ ਹੀ ਦੋ ਤਿੰਨ ਗੇੜੇ ਮਾਰਦਾ ਅਤੇ ਚੰਡੀਗੜੋਂ ਏਥੋਂ ਤਕ ਦੇ ਸਿਰਫ 160 ਰੁਪਏ ਵਸੂਲਦਾ ਹੈ ਇਕ ਪਾਸੇ ਦੇ। ਜੇ ਇੰਡੀਅਨ ਏਅਰ ਲਾਈਨ ਦੀ ਸਰਵਿਸ ਜਾਰੀ ਹੋਵੇ ਤਾਂ ਦਿੱਲੀਓਂ 120 ਰੁਪਏ ਨਾਲ ਭੂੰਤਰ ਲੈ ਆਵੇ। ਭੂੰਤਰ ਹਵਾਈ ਪੱਤਨ ਦੀ ਪਟੜੀ ਨਾ ਠੀਕ ਹੋਣ ਕਰਕੇ ਵੱਡੇ ਜਹਾਜ਼ ਦੀ ਸਰਵਿਸ ਰੁਕੀ ਹੋਈ ਹੈ ਅਤੇ ਉਹ ਵੱਡਾ ਵੀ ਪੰਝੀ ਸਵਾਰੀਆਂ ਤੋਂ ਵੱਧ ਨਹੀਂ ਚੁਕਦਾ। ਹਵਾਈ ਅਡੇ ਦੇ ਸੁਆਗਤ ਤੇ ਦਫਤਰੀ ਕਮਰੇ ਤਾਂ ਵਧੀਆ ਬਣ ਗਏ ਹਨ। ਦਰਿਆ ਬਿਆਸ ਨਾਲ ਏਥੇ ਹੀ ਨਦੀ ਪਾਰਬਤੀ ਪੂਰਬੋਂ ਆਕੇ ਗਲਵਕੜੀ ਪਾਂਦੀ ਪਾਂਦੀ ਲੀਨ ਹੋ ਜਾਂਦੀ ਹੈ। ਅੱਜ ਕਲ 'ਮਨੀਕਰਨ', ਗਰਮ ਚਸ਼ਮਿਆਂ ਵੱਲ, ਜਾਣ ਵਾਲੀ ਸੜਕ ਪੱਕੀ ਹੋਣ ਦੇ ਅਮਲ ਵਿਚ ਹੈ ਅਤੇ ਬਿਆਸਾ-ਪਾਰ-ਬਤੀ ਸੰਗਮ ਉਤੇ ਇਕ ਨਵਾਂ ਤੇ ਵੱਡਾ ਪੁਲ ਬਣ ਰਿਹਾ ਹੈ, ਜਿਸ ਕਾਰਨ ਦੂਰ ਦੀ ਆਵਾਜਾਈ ਕੁਝ ਸਹਿਲ ਹੋ ਜਾਵੇਗੀ। ਨਹੀਂ ਤਾਂ ਭੂੰਤਰੋਂ ਪਾਰਬਤੀ ਦੇ ਦੱਖਣੀ ਕੰਢੇ ਜਾਣ ਵਾਲੀ ਸੜਕ, ਜੋ ਮਨੀਕਰਨ ਪੁਚਾਂਦੀ ਹੈ, ਉਤੇ ਸਫਰ ਕਰਨ ਲਈ ਏਥੋਂ ਹੀ ਛੋਟੀਆਂ ਬੱਸਾਂ ਲੈਣੀਆਂ ਪੈਂਦੀਆਂ ਹਨ। ਅਤੇ ਇਹ ਸਫਰ ਸਮੇਤ ਬਸ ਵਿਚ ਬੈਠਣ ਦਾ ਇਕ ਦੁਖਦਾਈ ਅਨੁਭਵ ਹੀ ਹੈ।

ਭੂੰਤਰ ਨਾਲ ਮੇਰਾ ਸਨੇਹ ਆਪਣਿਆਂ ਬਚਿਆਂ ਕਾਰਨ ਹੈ। ਮੇਰਾ ਜੁਆਈ ਅਤੇ ਲੜਕੀ ਏਥੋਂ ਦੇ ਹੀ ਵਾਸੀ ਬਣ ਚੁਕੇ ਹਨ। ਮੈਨੂੰ ਪਹਾੜੀ ਯਾਤਰਾ ਘਰ ਦੀ ਖ਼ ਤਰਾ ਹੀ ਲਗਦੀ ਹੈ। ਬਚੇ ਸਮਝਦੇ ਹਨ ਉਹਨਾਂ ਨੂੰ ਨਿਵਾਜ਼ਿਆ ਗਿਆ ਹੈ, ਮੈਂ ਸਮਝਦਾ ਹਾਂ ਮੇਰੀ ਸ਼ੌਕ ਪੂਰਤੀ ਦਾ ਇਹ ਵਧੀਆ ਵਸੀਲਾ ਹਨ, ਕਦੀ ਮਨਾਲੀ ਜਾਂਦੇ-ਔਂਦੇ ਸੋਚਿਆ ਕਰਦਾ ਸਾਂ : ਏਥੇ ਕਿਤੇ ਘਰ ਹੋਵੇ ਨਾ। ਅਤੇ ਇਹ ਘਰ ਕਿਵੇਂ ਨਹੀਂ।

ਇਕ ਦਿਨ ਜੁਆਤਰੇ ਹਮਰਾਹੀ ਨੇ ਦਿਲਚਸਪੀ ਜਗਾਈ : ਪਿਤਾ ਜੀ, ਕਦੇ ਪਹਾੜੀ ਸੰਧੂ ਵੇਖੇ ਜੇ ? ਸੰਧੂ ਤੇ ਮੈਂ ਵੀ ਸਾਂ, ਇਹ ਪਹਾੜੀ ਸੰਧੂ ਕੀ ? ਪਹਾੜੀ ਆਲੂ, ਪਹਾੜੀ ਮਟਰ-ਟਮਾਟਰ, ਪਹਾੜੀ ਮੱਕੀ ਆਦਿ ਸਭ ਜਿਨਸਾਂ ਧਿਆਨ ਵਿਚ ਆ ਗਈਆਂ ਪਰ ਪਹਾੜੀ ਸੰਧੂ ? ਕੀ ਏਥੇ ਵੀ ਪੰਜਾਬੀ ਜੱਟ ਹਨ ? ਹਮਰਾਹੀ ਦਸਿਆ : ਹਾਂ ਹੈਨ ਤੇ ਉਹ ਪਹਾੜੀ ਜੱਟ ਹਨ ਅਤੇ ਜੱਟ ਵੀ ਸੰਧੂ। ਪਰ ਤੁਹਾਨੂੰ ਸਿੱਖਾਂ ਵਾਲੀ ਤਸਵੀਰ ਮਨੋ ਕੱਢ ਛੱਡਣੀ ਚਾਹੀਦੀ ਹੈ।



Namdhari Elibrary NamdhariElibrary@gmail.com

ਅਤੇ ਅਸੀਂ ਅਗਲੇ ਦਿਨ ਸਕੂਟਰ ਤੇ ਉਨ੍ਹਾਂ ਪਾਸ ਜਾਣ ਦਾ ਮਨ ਬਣਾ ਲਿਆ।

ਜੇ ਅਸੀਂ ਸਾਰੇ ਪਹਾੜੀ ਪ੍ਰਦੇਸ਼ ਨੂੰ ਇਕ ਸਰੀਰ ਕਲਪ ਲਈਏ ਤਾਂ ਇਸਦੀਆਂ ਨਦੀਆਂ, ਨਾਲੇ, ਦਰਿਆ ਇਸਦੀਆਂ ਮੁੱਖ ਨਸਾਂ ਹਨ। ਛੋਟੇ ਔਟੇ ਵਹਿਣ, ਝਰਨੇ, ਕੂਲਾਂ ਇਸ ਦੀਆਂ ਸੂਖਮ ਹੁੰਦੀਆਂ ਜਾਂਦੀਆਂ ਨਾੜੀਆਂ ਹਨ ਅਤੇ ਦੇਉ ਆਕਾਰ ਪਰਬਤ ਜਿਵੇਂ ਮੂੰਦੀ ਮੂੰਹ ਧਰਤੀ ਵਿਚੋ ਗਡੇ ਹੋਣ ਅਤੇ ਇਨ੍ਹਾਂ ਦੀਆਂ ਕੂਹਾਨਾਂ ਤੇ ਗੀੜ੍ਹ ਦੀ ਹੱਡ ਉਤੇ ਅਤੇ ਬਾਕੀ ਦੇ ਪਿੰਡੇ ਦੇ ਰੋਮ ਰੋਮ 60-60 ਫੁਟ ਉਚੀਆਂ ਤੇ ਇਸ ਤੋਂ ਵਧੇਰੇ ਲੰਮੇਂ, ਦੇਓਦਾਰ, ਕੈਲ ਅਤੇ ਪੜਤਲ ਆਦ ਦੇ ਬਿਰਛ ਹਨ, ਜੋ ਸਰੀਰ ਦੇ ਵਾਲਾਂ ਵਾਂਗ ਹੀ ਸੰਘਣੇ, ਇਕਲਾਮੇ ਤੇ ਜਮਘਟੇ ਦੇ ਰੂਪ ਵਿਚ ਹਨ। ਪਹਾੜਾਂ ਦੇ ਮੁਖ ਕਸਬੇ ਜਾਂ ਸ਼ਹਿਰ ਦਰਿਆਵਾਂ ਦੇ ਕਿਨਾ-ਰਿਆਂ ਤੇ ਪਰਬਤਾਂ ਦੀਆਂ ਵੱਖੀਆਂ ਛਿੱਲ ਬਣਾਈਆਂ ਸੜਕਾਂ ਦੁਆਰਾ ਪਹੁੰਚ ਯੋਗ ਹੁੰਦੇ ਹਨ ਅਤੇ ਇਹਨਾਂ ਪਾਸ, ਜੇ ਕੁਛ ਵਾਦੀ ਵੀ ਹੋਵੇ ਫਿਰ ਤਾਂ ਕਹਿਣਾ ਹੀ ਕਿਆ। ਕੁੰਤਰ ਵੀ ਆਪਣਾ ਚੌਗਿਰਦਾ ਖੁਲ੍ਹਾ ਖੁਲ੍ਹਾ ਰਖਦਾ ਹੈ।

ਇਕ ਦਿਨ ਸਵੇਰੇ ਹੀ ਅਸਾਂ ਸਕੂਟਰ ਨੂੰ 'ਅੱਡੀ' ਲਾਈ ਤੇ ਫਿਟ ਫਿਟ ਕਰਦੇ ਕੁੰਤਰੋਂ ਵਾਪਸੀ ਚਲਦਿਆਂ ਪਹਿਲਾਂ 'ਔਟ'—ਇਕ ਪਹਾੜੀ ਸ਼ਹਿਰ ਤੋਂ ਪੁਲ ਪਾਰ ਕਰਦੇ ਚਰਾ ਕੁ ਮੋੜ ਕੱਟ ਸੈਂਜ ਨਦੀ ਦੀ ਖੱਬੀ ਬਾਹੀ ਵਾਲੀ ਸੜਕੇ ਚਲਣਾ ਸ਼ੁਰੂ ਕਰ ਦਿਤਾ। ਸੜਕ ਬੇਸ਼ਕ ਕੱਚੀ ਸੀ ਪਰ ਅਸੀਂ ਪੱਕੇ ਸਾਂ। ਲਾਰਜੀ-ਕਸਥਿਊਂ-ਲੰਘ ਫਿਰ ਤੀਰਥ ਨਦੀ ਦਾ ਸੱਜਾ ਪਾਸਾ ਜਾ ਫੜਿਆ ਤੇ ਬਨਜਾਰ ਕਸਬੇ ਵਲ ਨੂੰ ਮੋੜ ਕਟਦੇ ਚਲੇ ਗਏ। ਪੰਜ ਕਿਲੋਮੀਟਰ ਬਨਜਾਰੋ ਉਨ੍ਹਾਂ ਵਾਲੂ ਨਾਂ ਦੇ ਪੁਲ ਨੂੰ ਪਾਰ ਕਰਦਿਆਂ ਸੜਕ ਤੇ ਹੀ ਸਕੂਟਰ ਨੂੰ ਤਾਲਾ ਮਾਰ ਰੁਖਾਂ ਦੀ ਇਕ ਹਰਿਆਵਲ ਵੱਲ ਨੂੰ ਉਤਰੇ, ਜੋ ਇਕ ਪਰਬਤ ਦੇ ਚਰਨਾਂ ਵਿਚ ਸੀ। ਜਿਉਂ ਹੀ ਅਸੀਂ ਇਸ ਹਰਿਆਵਲ ਹੇਠ ਵਸੇ ਪਿੰਡ ਸ਼ਿਆਲੀ ਵਿਚ ਦਾਖਲ ਹੋਏ, ਮੈਲੇ ਮੈਲੇ, ਚਿਕੜੇ ਪਹਿਨੀ, ਨੰਗੇ ਪੈਰੀਂ, ਕੱਟੇ, ਅਣ-ਕਟੇ ਵਾਲਾਂ ਵਾਲੇ ਬਚਿਆਂ ਦੇ ਇੱਕਾ ਦੁਕਾ ਬੁੱਢਾ ਨੇ ਸਾਡਾ ਸੁਆਗਤ ਕੀਤਾ। ਕੌਤੂਹਲ ਵਸ ਪਰਦੇਸੀਆਂ ਨੂੰ ਵੇਖਦੇ ਸੋਚ ਰਹੇ ਸਨ : ਇਹ ਕਿਉਂ ਏਥੇ ?

ਅਸਾਂ ਪੰਜਾਂ-ਸੱਤਾਂ ਘਰਾਂ ਦੇ ਬਣੇ ਪਹਾੜੀ ਤਰਜ਼ ਦੇ ਪਿੰਡ ਉਤੇ ਨਿਗਾਹ ਸੁੱਟੀ। ਚਾਹੁੰਦੇ ਸਾਂ ਕਿ ਸਾਨੂੰ ਕੋਈ ਸਿਆਣਾ ਆਦਮੀ ਵੇਖ ਲਵੇ। ਸਬੱਬ ਚੰਗਾ ਲੱਗ ਗਿਆ ਪਹਾੜੀ ਸੰਧੂਆਂ ਦੇ ਇਸ ਪਿੰਡ, ਇਕ ਲਕੜੀ ਦੇ ਮਕਾਨ ਦੀ ਦੂਜੀ ਛੱਤੇ ਕਿਤਾਬਾਂ ਨਾਲ ਉਲਝੇ ਇਕ ਮੰਨੇ-ਤੰਨੇ ਗੋਰੇ ਨੌਜੁਆਨ ਨਾਲ ਸਾਡੀਆਂ ਅੱਖਾਂ ਲੜ ਗਈਆਂ। ਜਿਉਂ ਹੀ ਅਸੀ ਉਹਦੇ ਘਰ ਦੀਆਂ ਲਕੜੀ ਦੀਆਂ ਪੌੜੀਆਂ ਚੜ੍ਹ ਉਸਦੇ ਲਕੜੀ ਦੇ ਘਰ ਦੇ ਬਰਾਮਦੇ ਵਿਚ ਪੁੱਜੇ, ਦੋ ਮਿੰਟਾਂ ਵਿਚ ਹੀ ਚਾਰ ਸਿਆਣੇ ਮੂਹਾਂ ਤੇ ਵੀਹ ਬੱਚਿਆਂ ਦੀ ਭੀੜ ਸਾਡੇ ਗਿਰਦ ਜੁੜ ਗਈ।

ਹੈੱਡ ਮਾਸਟਰ ਡੋਲਾ ਸਿੰਘ ਸੰਧੂ ਨੂੰ ਮੇਰੇ ਪਹਿਲਾ ਸੁਆਲ ਹੀ ਇਹ ਹੋਇਆ : ਇਹ ਸਾਰੇ ਬੱਚੇ ਸੰਧੂਆਂ ਦੇ ਹੀ ਨੇ ?

"ਜੀ ਹਾਂ, ਅਜੇ ਤਾਂ ਪੰਜ ਘੱਟ ਹਨ।"

"ਕਿੰਨਿਆਂ ਦੇ ਹਨ ?"

"ਪੰਜਾਂ ਦੇ ਹੀ, ਬਾਹਲਿਆਂ ਦੇ ਨਹੀਂ।"

"ਅੱਛਾ ਤਾਂ ਇਹ ਹੈ ਲੋਕ ਕਲਿਆਣ ਵਿਭਾਗ ਦਾ ਕ੍ਰਿਸ਼ਮਾ !"

"ਹਾਂ ਜੀ, ਕ੍ਰਿਸ਼ਮਾ ਹੀ ਹੈ ਨਹੀਂ ਸਾਡੇ ਕੱਲੇ ਕੱਲੇ ਦੇ 8-8 ਹੋਣੇ ਕੁਦਰਤੀ ਸਨ।"

ਮੈਨੂੰ ਹੈਡਮਾਸਟਰ ਦੇ ਦੋ ਮੁੰਡੇ ਤੇ ਦੋ ਕੁੜੀਆਂ ਗੋਰੇ ਤੇ ਬਹੁਤ ਸਾਫ ਕਪੜਿਆਂ ਵਿਚ ਦਿਸ ਰਹੇ ਸਨ ਭਾਵੇਂ ਮੈਲੇ ਇਹ ਵੀ ਆਪਣੇ ਵੀਰ ਭੈਣਾਂ ਵਰਗੇ ਸਨ ਪਰ ਉਹਨਾਂ ਦੇ ਤਨ ਦੇ ਕਪੜੇ ਤਾਂ ਕਪੜੇ ਕਹਿਣ ਦੇ ਯੋਗ ਹੀ ਨਹੀਂ ਸਨ।

ਮੈਂ ਆਪਣੀ ਬਰਾਦਰੀ ਉਨ੍ਹਾਂ ਨਾਲ ਸਾਂਝੀ ਕੀਤੀ। ਖੁਸ਼ੀ ਉਨ੍ਹਾਂ ਨੂੰ ਹੋਈ ਕਿ ਨਹੀਂ ਪਰ ਮੈਂ ਤਸੱਲੀ ਵਿਚ ਸਾਂ ਕਿ ਮੈਂ ਪਹਾੜੀ ਸੰਧੂ ਵੀ ਵੇਖ ਲਏ।

ਛੇਤੀ ਹੀ ਗੱਲ ਬਾਤ ਤੁਰ ਪਈ।

"ਤੁਸੀਂ ਏਥੇ ਕਦੋਂ ਦੇ ਤੇ ਕਿਵੇਂ ਸੰਧੂਓ ?!!"

ਦੂਜੇ ਸੰਧੂ ਤਾਂ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਰਹਿਣ ਦੇ ਹੀ ਯੋਗ ਸਨ ਪਰ ਡੋਲਾ ਸਿੰਘ ਸੰਧੂ ਬੋਲਿਆ : ਸੰਨ 1809 ਦੇ ਨਵੰਬਰ ਦਸੰਬਰ ਦੀ ਗੱਲ ਹੈ। ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਤੇ ਹਮਲਾ ਕੀਤਾ। ਇਕ ਦਿਨ ਮੌਸਮ ਨਾਸਾਜ਼ਗਾਰ ਰਿਹਾ। ਠੰਢੀਆਂ ਹਵਾਵਾਂ, ਬਰਫ ਦੀ ਤਿਲਕਣ, ਭਿਆਨਕ ਬਰਸਾਤ, ਅਤੇ ਗਰੀਬ ਪਹਾੜੀਆਂ ਦਾ ਕਰੋਧ ਸਭ ਨੇ ਮਿਲ ਕੇ ਫੌਜਾਂ ਦੇ ਮੂੰਹ ਮੋੜ ਦਿਤੇ ਅਤੇ



Namdhari Elibrary NamdhariElibrary@gmail.com

ਇਕੋ ਝਟਕੇ ਨਾਲ ਹਜ਼ਾਰਾਂ ਫੌਜੀ ਮੌਤ ਦੇ ਮੂੰਹ ਵਿਚ ਜਾ ਪਏ। ਖੱਡਾਂ ਦੇ ਦੁਆਲੇ, ਹੇਠਲੀਆਂ ਰੋਕਾਂ ਉਤੇ ਲਾਸ਼ਾਂ ਹੀ ਲਾਸ਼ਾਂ ਸਨ ਅਤੇ ਇਹਨਾਂ ਲਾਸ਼ਾਂ ਵਿਚੋਂ ਕਿਸੇ ਤਰ੍ਹਾਂ ਸਾਡਾ ਪੁਰਖਾ ਸ੍ਰ: ਅਣੋਖ ਸਿੰਘ ਸੰਧੂ ਜਿਉਂਦਾ ਬਚ ਰਿਹਾ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਉਹ ਪਹਾੜਾਂ ਦੀਆਂ ਧਾਰਾਂ ਤੇ ਲੁਕਦਾ ਛਿਪਦਾ, ਪੱਤ ਪੱਤ ਦੇ ਖੜਾਕੋਂ ਡਰਦਾ ਸਾਡੇ ਇਸ ਪਰਬਤ ਦੀ ਉਚਾਈ ਤੇ ਆ ਕੇ ਝਾੜੀਆਂ ਦੇ ਓਹਲੇ ਲੁਕ ਰਿਹਾ।

ਉਸ ਨੇ ਲਾਸ਼ਾਂ ਦੇ ਢੇਰਾਂ ਵਲ ਧਿਆਨ ਨਾਲ ਵੇਖਣਾ। ਕੁਝ ਆਦਮੀ ਉਹਨਾਂ ਨੂੰ ਖਿਚਦੇ ਧੂੰਹਦੇ। ਭਾਵੇਂ ਉਹ ਜੁੱਗਾਂ ਭੁਖੇ ਪਹਾੜੀਏ ਪੰਜਾਬੀ ਫੌਜੀਆਂ ਦੀਆਂ ਜੇਬਾਂ ਫਰੋਲ, ਉਂਗਲਾਂ ਮਰੋੜ ਮੁੰਦਰੀਆਂ ਕੱਢ ਜਾਂ ਗਲੋਂ ਕੈਂਠੇ ਲਾਹ, ਜਾਂ ਤਨ ਦੇ ਲੀੜੇ ਹੀ ਕਾਬੂ ਕਰ ਕਰਵਾ ਰਹੇ ਸਨ ਪਰ ਸਾਡੇ ਵਡਿੱਕੇ ਨੂੰ ਜਾਪਿਆ ਉਹ ਲੋਥਾਂ ਪਾੜਦੇ ਹਨ ਤੇ ਸਰੀਰ ਦਾ ਦਿਲ ਜਾਂ ਜਿਗਰ ਕਢਕੇ ਖਾਂਦੇ ਹਨ। ਪਹਾੜ ਦਾ ਕੱਖ ਕੱਖ ਉਹਨੂੰ ਵੈਰੀ ਲਗਦਾ। ਉਸ ਨੂੰ ਖਾਣ ਪੀਣ ਨੂੰ ਕੀ ਲਭਦਾ ਹੋਵੇਗਾ, ਸੁਧੇ ਪਾਣੀ ਬਿਨਾ ਕੋਈ ਗੁੰਜਾਇਸ਼ ਨਹੀਂ। ਓਥੋਂ ਏਧਰੋਂ ਓਧਰੋਂ ਨਿਕੀਆਂ ਮੋਟੀਆਂ ਪਾਣੀ ਦੀਆਂ ਸੀਰਾਂ ਉਸ ਘਾਹ ਬੂਟ ਨਾਲ ਕਠੀਆਂ ਕੀਤੀਆਂ ਤੇ ਫਿਰ ਇਕ ਜਲ-ਕੁੰਡ ਬਣਾ ਲਿਆ। ਅਜ ਵੀ ਉਸ ਪਾਣੀ ਦਾ ਨਾਂ ਹੈ: "ਸਿੰਘਾਂ ਰਾ ਪਾਣੀ!' 'ਸਿਖ ਦਾ ਪਾਣੀ"। ਇਕ ਝੁਗੀ ਜਿਹੀ ਪਾ ਲਈ ਤੇ ਘਾਹ ਖਾਹ ਕੇ ਸਮਾਂ ਬਤੀਤ ਕਰਦਾ ਰਿਹਾ।

ਤੇ ਜਿਵੇਂ ਰੱਬ ਨੇ ਸਾਡੇ ਬਜ਼ੁਰਗ ਦੀ ਮਦਦ ਹੀ ਕਰਨੀ ਸੀ। ਜਦੋਂ ਇਸ ਬੰਦੇ ਨੂੰ ਇੰਜ ਰਹਿੰਦਿਆਂ ਤੇ ਪਹਾੜੀਆਂ ਤੋਂ ਬਚਦਿਆਂ ਕੁਝ ਮਹੀਨੇ ਗੁਜ਼ਾਰੇ ਤਾਂ ਔਹ ਹੇਠਾਂ ਨਾਲ ਦੇ ਪਿੰਡ "ਜੋਲ" ਦੀ ਡੰਗਰ ਚਾਰਦੀ ਇਕ ਮੁਟਿਆਰ ਨੇ ਕਿਤੇ ਉਸ ਨੂੰ ਵੇਖ ਲਿਆ। ਮਾਘ-ਫਗਣ ਦੇ ਮਹੀਨੇ ਉਹ ਇਕਲੀ ਹੀ ਆਪਣੇ ਡੰਗਰ ਚਰਨ ਜਾਇਆ ਕਰਦੀ ਸੀ। ਰੋਜ਼ ਉਹ ਸੋਚਦੀ ਏਥੇ ਕੌਣ ਹੋਵੇ? ਜਦੋਂ ਉਸ ਨੂੰ ਉਹ ਇਕ ਉਚਾ ਲੰਮਾ, ਸੁਹਣਾ ਜੁਆਨ ਹੀ ਨਜ਼ਰ ਪਿਆ ਤਾਂ ਉਸ ਨੂੰ ਨਾਰੀ ਸੁਲਭ ਦਿਲਚਸਪੀ ਜਾਗੀ। ਅੱਠ-ਦਸ ਦਿਨਾਂ ਦੇ ਯਕੀਨ ਬਾਦ ਉਸ ਨੇ ਘਰੋਂ ਉਸ ਲਈ ਰੋਟੀ ਲਿਆਂਦੀ। ਮਾਂ ਨੂੰ ਇਹ ਕਹਿਕੇ ਕਿ ਉਸ ਨੂੰ ਦੁਪਹਿਰੇ ਭੁਖ ਲੱਗ ਜਾਂਦੀ ਹੈ। ਦੂਰ ਹੇਠਾਂ ਰੱਖ ਕੇ, ਉਸ ਨੂੰ ਅਵਾਜ਼ ਦਿਤੀ ਪਰਦੇਸੀਆ ਕਰਕੇ। ਝੁੱਗੀਓਂ ਬਾਹਰ ਨਿਕਲਿਆ ਪਰ ਡਰੇ। ਹੇਠੋਂ ਇਸ਼ਾਰੇ ਹੋਣ ; ਖਾ ਲੈ। ਬਹੁਤ ਸਾਰੀ ਹਿਚਕਚਾਹਟ ਪਿਛੋਂ ਪੰਜਾਬੀ ਸੰਧੂ ਨੇ ਜਿਵੇਂ ਜੁੱਗਾਂ ਪਿਛੋਂ ਰੋਟੀ ਦਾ ਮੂੰਹ ਵੇਖਿਆ।

ਫਿਰ ਰੋਜ਼ ਰੋਟੀ ਆ ਜਾਂਦੀ। ਦੂਰ ਹੀ ਰੱਖੀ ਜਾਂਦੀ। ਦੂਰੋਂ ਹੀ ਜੰਗਲੀ ਜਾਨਵਰ ਵਾਂਗ ਸਾਡਾ ਵਡੇਰਾ ਆਣ ਕੇ ਰੋਟੀ ਚੁਕ ਲਜਾਂਦਾ ਤੇ ਮੌਜ ਨਾਲ ਖਾਂਦਾ ਅਤੇ ਇਸ ਰੋਟੀ ਨੇ ਇਸ਼ਕ ਦੀਆਂ ਰੋਆਂ ਵੀ ਘਲਣੀਆਂ ਸ਼ੁਰੂ ਕਰ ਦਿਤੀਆਂ। ਜਿਵੇਂ ਦਾਲ ਨੇ, ਰੋਟੀ ਨੇ ਗੱਲਾਂ ਕਰਨੀਆਂ ਅਤੇ ਇਹਨਾਂ ਰਾਹੀਂ ਆਏ ਵਿਸ਼ਵਾਸ ਨੇ ਅਣੋਖ ਸਿੰਘ ਸਾਡੇ ਮਹਾਂ ਦਾਦੇ ਨੂੰ ਇਕ ਦਿਨ ਸਾਡੀ ਪੜਦਾਦੀ ਦੀ ਗੋਦ ਵਿਚ ਸੁਟ ਦਿਤਾ। ਮਾਂ ਬਾਪ ਦੀ ਇਹ ਵੱਡੀ ਧੀ ਸੀ ਅਤੇ ਇਕ ਭੈਣ ਬਿਨਾਂ ਇਸ ਘਰ ਕੋਈ ਨਰ-ਬਾਲ ਨਹੀਂ ਸੀ। ਰਾਮ ਦੇਈ ਦੇ ਰਾਮ ਦੇਈ ਦੇ ਮੰਗਣੇ ਦੀਆਂ ਤਿਆਰੀਆਂ ਵੀ ਹੋ ਰਹੀਆਂ ਵੀ ਹੋ ਰਹੀਆਂ ਸਨ। ਇਕ ਦਿਨ ਮਾਂ ਨੂੰ ਰਉਂ ਵਿਚ ਵੇਖ ਉਸ ਕਹਿ ਦਿਤਾ: ਅੰਬੜੀਏ, ਮੇਰੀ ਫਿਕਰ ਨਾ ਕਰ, ਮੈਂ ਕੰਮ ਮੁਕਾਈ ਖਲੀ ਹਾਂ, ਸਿਰਫ ਤੇਰੀ ਪਰਵਾਨਗੀ ਦੀ ਦੇਰ ਹੈ। ਅਤੇ ਉਸ ਰਾਮ-ਕਥਾ ਕਹਿ ਸੁਣਾਈ। ਮਾਂ ਪਤੀਜ ਗਈ। ਪਿਉ ਨੂੰ ਮਨਾ ਲਿਆ ਗਿਆ ਅਤੇ ਬਣ ਮਾਨਸ ਬਣੇ ਸਾਡੇ ਵਡਾਰ ਨੂੰ ਘਰ ਸਦਵਾ ਲਿਆ। ਜਦੋਂ ਉਸਦੀ ਝੰਡ-ਜੱਤ ਤੇ ਬੇਥਵੇ ਵਾਲ ਪਹਾੜੀ ਨਾਈ ਨੇ ਮੁੰਨ ਦਿਤੇ ਤਾਂ ਮੁੰਡਾ ਚੰਦਨ ਵਾਂਗੂੰ ਦਗ ਦਗ ਕਰਨ ਲਗਾ। ਮਾਂ ਬਾਪ ਦੀ ਰਹਿ ਆਈ। ਸ਼ਰਤ ਹੋ ਗਈ: ਪਹਾੜ ਛਡ ਕੇ ਨਹੀਂ ਜਾਣਾ ਤੇ ਪਹਾੜੀਆਂ ਵਾਂਗ ਹੀ ਰਹਿਣਾ ਏ, ਇਹੋ ਬਰਾਦਰੀ ਤੇਰੀ ਅੱਜ ਤੋਂ।

ਸ਼ਾਦੀ ਨਾਲ ਹੀ ਮਾਰਕੰਡੇ ਦੇਵਤੇ ਦੇ ਮੰਦਰਾਂ ਦੀ ਸਾਰੀ ਜ਼ਮੀਨ ਜੁ ਪੁਜਾਰੀਆਂ ਦੇ ਮਰ ਜਾਣ ਕਾਰਨ ਬੇਅਬਾਦ ਪਈ ਸੀ ਦੇ ਦਿਤੀ ਗਈ ਕੋਈ 60 ਵਿਘੇ (100-ਕਨਾਲ)। ਅਤੇ ਜ਼ਿਲਾ ਜਲੰਧਰ ਦੇ ਮਲਸੀਆਂ ਪਿੰਡ ਦੇ ਅਜੀਤ ਸਿੰਘ ਦਾ ਪੁੱਤਰ ਅਣੋਖ ਸਿੰਘ ਏਥੋਂ ਪਾਤਸ਼ਾਹੀ ਕਰਨ ਲਗਾ। ਉਸ ਦਾ ਇਕ ਗ੍ਰੰਥ ਸਾਹਿਬ ਵੀ ਹੈ ਜੋ ਉਸਨੇ ਆਪਣੇ ਨਾਲ ਲਿਆਂਦਾ ਜਾਂ ਪਿਛੋਂ ਜਾਕੇ ਲਿਆਂਦਾ, ਪਤਾ ਨਹੀਂ।

ਮੇਰੀ ਬਿਰਤ ਕਹਾਣੀਓਂ ਹਟ ਗਈ। ਜੇ ਗ੍ਰੰਥ ਸਾਹਿਬ ਏਥੇ ਹੈ ਤਾਂ ਲਿਖਤੀ ਹੋਵੇਗਾ, ਏਥਨ ਪੜਤਾਲਣ ਨਾਲ ਕਈ ਨਵੀਆਂ ਗੱਲਾਂ ਲਭਣ ਗੀਆਂ। ਪੁੱਛਿਆ: ਦਰਸ਼ਨ ਕਰਾ ਸਕੋਗੇ? ਉੱਤਰ ਮਿਲਆ: ਜੇ ਵੱਡਾ ਭਰਾ



Namdhari Elibrary NamdhariElibrary@gmail.com

ਮਾਨ ਸਿੰਘ ਹੋਇਆ ਤਾਂ ਵੇਖ ਲਵਾਂਗੇ।

ਕਹਾਣੀ ਫਿਰ ਜਾਰੀ ਹੋ ਗਈ : ਦੋ ਚਾਰ ਸਾਲ ਵਿਚ ਹੀ ਪਤਾ ਲਗ ਗਿਆ ਕਿ ਰਾਮ ਦਈ ਦੇ ਘਰ ਸੰਤਾਨ ਨਹੀਂ ਹੋ ਸਕਦੀ ਫਿਰ ਛੋਟੀ ਭੈਣ ਵੀ ਉਸੇ ਨਾਲ ਪਰਣਾ ਦਿਤੀ ਗਈ। 12 ਫਰਵਰੀ 1813 ਈ : ਵਿਚ ਮਾਰਕੰਡਾ ਦੇਵਤਾ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਗਈ। ਦੇਵਤਾ ਪ੍ਰਸੰਨ ਹੋ ਗਏ ਅਤੇ ਅੱਜ ਇਹ ਬਹਾਰ ਆਪਨੇ ਸਾਹਮਣੇ ਹੈ।

ਸੁਆਦ ਆ ਗਿਆ ਬਹਾਰ ਵੇਖ ਕੇ। ਪੰਜ ਜਣਿਆਂ ਦੇ ਪੰਜੀ ਬੱਚੇ। ਸਿਰੋਂ ਪੈਰੋਂ ਨੰਗੇ। ਗਲ ਵਿਚ ਵਗਦੀਆਂ ਲੀਰਾਂ ਮੂੰਹ ਮੈਲੇ ਪਰ ਤੇਜ ਤੇ ਚੇਤੰਨ ਅੱਖਾਂ ਸਭਦੀਆਂ। ਅੱਜ ਵੀ ਜਦੋਂ ਮੈਂ ਉਹ ਦਿਨ ਚਿਤਾਰਦਾ ਹਾਂ ਤਾਂ ਦੂਰ ਤਕ ਬੈਠੇ ਬੱਚਿਆਂ ਦੀ ਇਕ ਭੀੜ ਅਖਾਂ ਅਗੇ ਉਭਰ ਖਲੋਂਦੀ ਹੈ।

ਪਰ ਸਾਡੀ ਜਗਿਆਸਾ ਅਜੇ ਕਾਇਮ ਸੀ। "ਚਲੋ ਚੱਲੀਏ, ਦਰਸਨ ਕਰੀਏ ਜੇ ਹੋ ਜਾਣ।" ਤੇ ਐਮ ਏ. ਬੀ.ਐਡ ਡੋਲਾ ਸਿੰਘ ਸਾਡੇ ਨਾਲ ਤੁਰ ਪਿਆ। ਦੋ-ਛੱਤੇ ਲਕੜ ਦੇ ਘਰ, ਛੋਟੇ ਛੋਟੇ ਬਾਰੀਆਂ ਵਰਗੇ ਬੂਹੇ ਵਿਚਦੀ ਲੰਘਦੀਆਂ ਪੌੜੀਆਂ। ਹੇਠਲੀ ਛੱਤੇ ਪਸ਼ੂਆਂ ਲਈ ਨੀਰਾ ਚਾਰਾ ਤੇ ਬੰਨ੍ਹਣ-ਛੱਡਣ ਦੀ ਥਾਂ। ਉਪਰਲੀ ਛਤੇ ਇਕ ਪਾਸੇ ਅੰਨ ਭੰਡਾਰ ਲਕੜ-ਪੇਟੀਆਂ ਵਿਚ, ਚੱਟੂ ਉਖਲੀਆਂ, ਬਿਸਤਰੇ, ਕੰਬਲ, ਓੜਨੀਆ, ਮੈਲੀਆਂ ਧੂਏਂ ਦਾਰ। ਇਕ ਕਮਰੇ ਵਿਚ ਇਕ ਟੀਨ ਜੜੀ ਪੇਟੀ ਵਿਚੋਂ ਇਕ ਜੁੱਗਾਂ ਪੁਰਾਣੇ ਕਪੜੇ ਦੀ ਬੁਚਕੀ ਸਾਡੇ ਅੱਗੇ, ਵਿਛੇ ਹੋਏ ਸੁਅੱਛ ਆਸਣ ਉਤੇ, ਲਿਆ ਧਰੀ। ਮੈਂ ਅਤੇ ਸ੍ਰੀ ਕੇਹਰ ਸੰਘ ਹਮਰਾਹੀ ਅੱਖੀਆਂ ਟੱਡੀ ਰਹਿ ਗਏ : ਕੀ ਇਹ ਬਹੁਤ ਬਾਰੀਕ ਹੋਵੇ। ਜੇ ਗੰਢ ਖੁਲ੍ਹੀ ਤਾਂ ਭਰਮ ਦੀ ਗੰਢ ਵੀ ਨਾਲ ਹੀ ਖੁਲ੍ਹ ਜਈ। ਬੁਚਕੀ ਵਿਚ ਹੇਠ ਲਿਖੀਆਂ ਚੀਜ਼ਾਂ ਸਨ : 1. ਚਮੜੇ ਦੀ ਜਿਲਦ ਵਿਚ ਲਿਖਤੀ ਅਧੂਰੀ ਪੰਜ ਗਰੰਥੀ, 2. ਲਿਖਤੀ ਅਧੂਰੀ ਹੀਰ ਮੁਕਬਲ 3. ਦੋ ਟੋਟੇ ਨੁਮਾ ਕਾਗਜ਼ਾਂ ਵਿਚ ਗੁਰਮੁਖੀ ਅਤੇ ਪਾਲੀ ਅੱਖਰਾਂ ਵਿਚ ਕੁਝ ਲਿਖਤਾਂ, 4. ਗੀਤਾ ਦੇ ਕਿਸੇ ਅਧਿਆਏ ਦੇ ਗੁਰਮੁਖੀ ਅਖਰਾਂ ਤੇ ਪੁਰਾਣੀ ਪੰਜਾਬੀ ਵਿਚ ਅਰਥ। ਇਕ ਪੈਸੇ ਦਾ 1/4 ਭਾਗ, ਤਾਂਬੇ ਦਾ ਸਿਕਾ ਸੰਨ 1885 ਤੇ ਬੱਸ। ਬੜਾ ਚੰਗਾ ਹੁੰਦਾ ਏਹ ਭਰਮ ਬਣਿਆ ਰਹਿੰਦਾ।

ਰਾਹ ਦਾ ਸੱਦਾ ਆ ਗਿਆ। ਹੈਡ ਮਾਸਟਰ ਦੀ ਪਤਨੀ ਖੂਬਸੂਰਤ, ਲੰਮੀ ਝਮੀ, ਗੋਰੀ ਤੇ ਵੱਟਾਂ ਵਾਲੇ ਮੁਖੜੇ ਵਿਚੋਂ ਪੰਜਾਬੀ ਸੰਧੂ ਉਤੇ ਮੁਸਕਾਨਾਂ ਸੁੱਟ ਰਹੀ ਸੀ। ਅੰਦਰ ਬਾਹਰ ਫਿਰ ਕੇ ਵੇਖਿਆ। ਹੈਡਮਾਸਟਰ ਜਿਸ ਨੂੰ 750/- ਮਹੀਨਾ ਦੇਸੋ ਧਾਰ ਦੇ ਪਾਰਲੇ ਪਾਰ ਇਕ ਸਕੂਲ ਵਿਚ ਮੁੰਡੇ ਪੜਾਣ ਦਾ ਮਿਲਦਾ ਸੀ, ਇਸਦੇ ਪਰਵਾਰਕ ਜੀਵਨ ਦਾ, ਦੂਜਿਆਂ ਨਾਲੋਂ ਕੋਈ ਫਰਕ ਨਹੀਂ ਸੀ। ਹਾਂ, ਇਕ ਛੋਟੇ ਕਮਰੇ ਵਿਚ 3—4 ਮੰਜੇ ਵਿਛੇ ਹੋਏ ਤੇ ਪਾਸ ਇਕ ਕਿਤਾਬਾਂ ਦਾ ਸ਼ੈਲਫ਼ ਸੀ। ਸਾਫ ਚਿਮਨੀ ਦਾ ਲੈਂਪ ਵੀ ਦੱਸ ਰਿਹਾ ਸੀ ਕਿ ਅਜੇ ਇਹਨਾਂ ਦੀਆਂ ਰਾਤਾਂ ਅਨ੍ਹੇਰੀਆਂ ਹੀ ਰਹਿੰਦੀਆਂ ਹਨ ਬਿਜਲੀ ਨਹੀਂ ਮਿਲੀ।

ਅਸੀਂ ਹੈਰਾਨ ਸਾਂ, ਏਨੀ ਦੁਰਾਡੀ ਜਗਹ ਉਤੇ, ਅਤੇ ਹੁਣ ਵਡਾਰੂ ਤੋਂ ਚੌਥੀ ਥਾਂ ਤੇ ਆਇਆਂ। ਇਹਨਾਂ ਦੇ ਹਿਸੇ ਜ਼ਮੀਨ ਕਿੰਨੀ ਕੁ ਆਉਂਦੀ ਹੋਵੇ ਗੀ ਤੇ ਇਹ ਡੋਲਾ ਸਿੰਘ ਤਾਲੀਮ ਦਾ ਡੋਲਾ ਕਿਵੇਂ ਲੈ ਆਇਆ। ਸਵਾਲ ਕੀਤਾ। ਜਵਾਬ ਮਿਲਿਆ : ਭਗਵਾਨ ਦੀ ਕ੍ਰਿਪਾ ਹੀ ਸਮਝੋ, ਮੈਂ ਪੜਣ ਦੀ ਧਾਰ ਲਈ ਅਤੇ ਮੇਰੇ ਲਈ ਮਦਦ ਬਹੁੜਦੀ ਰਹੀ।

"ਹੁਣ ਤੁਹਾਡੀ ਪੰਜਾਬ ਨਾਲ ਸਾਂਝ ?"

"ਸਾਂਝ ਹੈ ਸੰਧੂ ਨਾਮ ਦੀ, ਜਿਸਦੇ ਪਰੇਰੇ ਤੁਸੀਂ ਆਏ। ਸਾਂਝ ਹੈ ਉਹਨਾਂ ਨਾਵਾਂ ਦੀ ਜਿਹੜੇ ਮੈਂ ਤੁਹਾਨੂੰ ਆਪਣੇ ਪਹਿਲੇ ਪਹਾੜੀ ਬੜੇ ਬਜ਼ੁਰਗ ਤੋਂ ਸ਼ੁਰੂ ਕਰਦਾ ਹਾਂ।" ਅਤੇ ਉਸ ਨੇ ਗਿਣਾਏ : ਅਣੋਖ ਸਿੰਘ, ਉਸਦੇ ਤਿੰਨ ਲੜਕੇ : ਬੀਰ ਸਿੰਘ, ਕਰਮ ਸਿੰਘ ਤੇ ਰਤਨ ਸਿੰਘ। ਬੀਰ ਸਿੰਘ ਦੀ ਸੰਤਾਨ . ਚੰਦੇ ਸਿੰਘ, ਬੁੱਧੀ ਸਿੰਘ, ਮੋਹਰ ਸਿੰਘ, ਹੀਰਾ ਸਿੰਘ ਤੇ ਮਾਨ ਸਿੰਘ। ਕਰਮ ਸਿੰਘ ਦੀ ਸੰਤਾਨ : ਭਾਗ ਸਿੰਘ, ਰਾਮ ਸਿੰਘ, ਠਾਕਰ ਸਿੰਘ, ਰਤਨ ਸਿੰਘ ਦੇ ਤੇਜਾ ਸਿੰਘ, ਸੋਹਨ ਸਿੰਘ। ਠਾਕਰ ਸਿੰਘ ਦੇ ਘਰ ਹੋਏ : ਮਾਨ ਸਿੰਘ, ਮੋਹਰ ਸਿੰਘ ਅਤੇ ਬਿਸ਼ਨ ਸਿੰਘ। ਸੋਹਣ ਸਿੰਘ ਦੀ ਸੰਤਾਨ ਹੈ : ਦੇਵੀ ਸਿੰਘ, ਮੇਘ ਸਿੰਘ, ਸਾਹਿਬ ਸਿੰਘ ਅਤੇ ਡੋਲੇ ਸਿੰਘ।

ਸ਼ਾਮ ਦੇ ਚਾਰ ਵਜ ਚੁਕੇ ਸਨ। ਵਾਪਸੀ ਲਈ ਚਲੇ ਤਾਂ ਚਾਰ ਮੁੰਡੇ ਸਾਡੇ ਨਾਲ ਵਿਦਾ ਕਰਨ ਤੁਰੇ। ਇਕ ਨੂੰ ਪੁੱਛਿਆ : ਕੋਈ ਲਵੇਰਾ ਹੈ "ਹਾਂ ਹੈ ਇਕ ਗਊ।" "ਕਿੰਨਾ ਦੁੱਧ ਦਿੰਦੀ ਹੈ ?" "ਅੱਧਾ ਕਿਲੋ !" ਜ਼ਮੀਨ ਕਿੰਨੀ ਹੈ ?" "ਡੇਢ ਵਿਘਾ।" (ਭਾਵ ਤਿੰਨ ਕਨਾਲ) ਘਰ ਦੇ ਖਰਚੇ ਸਰ ਜਾਂਦੇ ਹਨ ? "ਕਿਉਂ ਨਹੀਂ ਜੀ।"

ਪਹਾੜੀ ਸੰਧੂਆਂ ਘਰ ਪੱਤਰੇ ਉਤੇ ਲਿਖਿਆ ਇਕ ਬੰਦ :

ਕਾਮ ਤਜਿਓ ਅਰ ਕ੍ਰੋਧ ਤਜਿਓ
ਮਨ ! ਲੋਭ ਤਜਿਓ ਤਉ ਕਹਾ ਭਇਓ ਭਾਈ।
ਦੇਸ ਤਜਿਓ ਅਰ ਭੇਖ ਲਇਓ
ਘਰ ਬਾਰ ਤਜਿਓ ਇਕ ਲੋਕ ਬਡਾਈ।
ਭੂਖ ਤਜੀ ਅਰ ਪਿਆਸ ਤਜੀ,
ਚੀਰ ਤਜੇ ਤਨ ਕੇ ਸੁਖਦਾਈ।
ਏਤੇ ਤਜੇ ਤਉ ਕਹਾ ਤੁਲਸੀ
ਜਉ ਪੈ ਜਾਨਕੀ ਨਾਥ ਸਿਉਂ ਪ੍ਰੀਤ ਨ ਲਾਈ।

●



Namdhari Elibrary NamdhariElibrary@gmail.com

ਅਮਰੀਕੀ ਕਹਾਣੀ

# ਕ
# ਤ
# ਲ

—ਜਾਰਜ ਕਾਲਿਨ

—ਅਨੁ : ਤਿਲਕ ਰਾਜਪੂਤ

ਲਿਨੇਟ ਅਜੇ ਕੁਝ ਕਹਿਣਾ ਹੀ ਚਾਹੁੰਦੀ ਸੀ ਕਿ ਆਰਥਰ ਨੇ ਬੋਸਾ ਲੈ ਲਿਆ ਤੇ ਉਸਦੇ ਬੁਲ੍ਹ ਬੰਦ ਕਰਦੇ ਹੋਏ ਆਰਥਰ ਨੇ ਕਿਹਾ—ਡਾਰਲਿੰਗ ਹੁਣ ਕੁਝ ਤੇ ਕਰਨਾ ਹੀ ਪਵੇਗਾ । ਇਸ ਤਰ੍ਹਾਂ ਕਦੋਂ ਤਕ ਚਲਦਾ ਰਹੇਗਾ । ਮਾਰਗਰੇਟ ਬਾਰੇ ਜ਼ਰੂਰ ਸਾਨੂੰ ਸੋਚਣਾ ਚਾਹੀਦਾ ਹੈ । ਫਿਰ ਕਾਫੀ ਦਾ ਪਿਆਲਾ ਪੀਣ ਪਿਛੋਂ ਆਰਥਰ ਆਪਣੇ ਘਰ ਵਾਪਸ ਆ ਗਿਆ । ਸਾਰੇ ਰਸਤੇ ਉਹ ਆਪਣੀ ਪਤਨੀ ਮਾਰਗਰੇਟ ਨੂੰ ਆਪਣੇ ਰਾਹ ਵਿਚੋਂ ਸਾਫ ਕਰਨ ਦੇ ਤਰੀਕੇ ਸੋਚਦਾ ਆਇਆ ਸੀ ।

ਮੇਜ਼ ਤੇ ਚਾਕਲੇਟ ਦਾ ਇਕ ਬਕਸ ਪਿਆ ਸੀ । ਆਰਥਰ ਨੇ ਜ਼ਹਿਰ ਦੀ ਭਰੀ ਇਕ ਸ਼ੀਸ਼ੀ ਕਢੀ ਤੇ ਫਿਰ ਉਸ ਵਿਚੋਂ ਇੰਜੈਕਸ਼ਨ ਭਰ ਕੇ ਉਸਨੇ ਇਕ-ਇਕ ਕਰਕੇ ਸਾਰੇ ਚਾਕਲੇਟਾਂ ਵਿਚ ਸੂਈ ਨਾਲ ਜ਼ਹਿਰ ਭਰ ਦਿਤਾ । ਇਸ ਪਿਛੋਂ ਉਸਨੇ ਚਾਕਲੇਟ ਦੇ ਬਕਸ ਦਾ ਪਾਰਸਲ ਬਣਾਇਆ ਅਤੇ ਉਸ ਉਪਰ ਮਾਰਗਰੇਟ ਦਾ ਪਤਾ ਲਿਖਿਆ । ਭੇਜਣ ਵਾਲੇ ਦਾ ਨਾਂ ਕਲਪਿਤ ਹੀ ਸੀ ।

ਅਗਲੇ ਦਿਨ, ਲੰਚ ਦੀ ਛੁੱਟੀ ਦੌਰਾਨ ਉਸਨੇ ਪਾਰਸਲ ਦੀ ਰਜਿਸਟਰੀ ਕਰਵਾ ਦਿਤੀ । ਪੋਸਟ ਆਫਿਸ ਵਿਚ ਭੀੜ ਕਾਫੀ ਜ਼ਿਆਦਾ ਸੀ ਇਸ ਲਈ ਕਲਰਕ ਨੂੰ ਇੰਨਾ ਸਮਾ ਹੀ ਨਹੀਂ ਸੀ ਮਿਲ ਸਕਿਆ ਕਿ ਉਹ ਸਿਰ ਉਤਾਂਹ ਕਰਕੇ ਉਸ ਵਲ ਵੇਖ ਸਕਦਾ । ਜ਼ਹਿਰ ਦੀ ਸ਼ੀਸ਼ੀ ਤੇ ਸੂਈ ਉਸਨੇ ਸਵੇਰੇ ਹੀ ਇਕ ਗੰਦੇ ਨਾਲੇ ਵਿਚ ਸੁੱਟ ਦਿੱਤੀ ਸੀ ।

ਹੁਣ ਉਸਦੇ ਵਿਰੁਧ ਕੋਈ ਸਬੂਤ ਬਾਕੀ ਨਹੀਂ ਸੀ, ਸ਼ਾਇਦ ਪੁਲਿਸ ਨੂੰ ਉਸ ਉਪਰ ਸ਼ਕ ਹੋਵੇ ਪਰ ਸਬੂਤ ਤੋਂ ਬਿਨਾਂ ਉਹ ਕੀ ਕਰ ਸਕੇਗੀ ?

ਪਰ ਅਗਲੇ ਦਿਨ ਸ਼ਾਮ ਤਕ ਉਸਦਾ ਆਤਮ ਵਿਸ਼-ਵਾਸ ਡੋਲਣ ਲੱਗਾ ਉਸ ਤੋਂ ਅਗਲੇ ਦਿਨ ਤਾਂ ਉਹ ਸਚ ਮੁਚ ਹੀ ਡਰ ਉਠਿਆ । ਉਸਨੂੰ ਡਰ ਸੀ ਕਿ ਪੁਲਿਸ ਉਸ ਪਾਸ ਜ਼ਰੂਰ ਆਏਗੀ, ਇਸ ਲਈ ਉਸ ਨੇ ਆਪਣਾ ਬਿਆਨ ਪਹਿਲਾਂ ਹੀ ਸੋਚ ਲਿਆ ਸੀ । ਉਹ ਇੰਨਾ ਪ੍ਰੇਸ਼ਾਨ ਸੀ ਕਿ ਉਸ ਨੂੰ ਕੁਝ ਵੀ ਪਤਾ ਨਹੀਂ ਕਿ ਇਨ੍ਹਾਂ ਦੋ ਤਿੰਨ ਦਿਨਾਂ ਅੰਦਰ ਉਸਨੇ ਕੀ ਖਾਧਾ ਹੈ, ਕੀ ਪੀਤਾ ਹੈ ਤੇ ਕੀ ਪਹਿਨਿਆ ਹੈ ।

ਤੀਜੇ ਦਿਨ ਦੀ ਸ਼ਾਮ ਤਕ ਉਸਦੀ ਹਾਲਤ ਅਜਿਹੀ ਹੋ ਗਈ ਸੀ ਕਿ ਉਹ ਖੁਦ ਹੀ ਪੁਲਿਸ ਨੂੰ ਫੋਨ ਕਰਕੇ ਸਭ ਕੁਝ ਦਸ ਦੇਣਾ ਚਾਹੁੰਦਾ ਸੀ । ਡਰ ਲੱਗਣ ਦੇ ਨਾਲ-ਨਾਲ ਉਸਨੂੰ ਪਛਤਾਵਾ ਵੀ ਹੋ ਰਿਹਾ ਸੀ । ਉਸ ਨੂੰ ਮਾਰਗਰੇਟ ਨਾਲ ਗੁਜ਼ਾਰੇ ਸੁਹਾਨੇ ਦਿਨਾਂ ਦੀ ਯਾਦ ਆਉਣ ਲੱਗੀ ।

ਅਚਾਨਕ ਕਿਸੇ ਨੇ ਉਸ ਦਾ ਦਰਵਾਜ਼ਾ ਖੜਕਾਇਆ ।



Namdhari Elibrary NamdhariElibrary@gmail.com

ਤੁਸੀਂ ਆਰਥਰ ਕਲਾਰਕ ਹੋ ? ਇਕ ਪੁਲਿਸ ਸਬ ਇਨਸਪੈਕਟਰ ਨੇ ਦਰਵਾਜ਼ਾ ਖੁਲਣ ਤੇ ਸਵਾਲ ਕੀਤਾ।

—ਹਾਂ। ਆਰਥਰ ਨੇ ਜੁਆਬ ਦਿੱਤਾਂ।

—ਮੈਂ ਸਬ ਇਨਸਪੈਕਟਰ ਜਾਨਸਨ ਹਾਂ। ਕੀ ਤੁਹਾਡੇ ਪਾਸੋਂ ਕੁਝ ਸਵਾਲ ਪੁੱਛ ਸਕਦਾ ਹਾਂ ?

—ਜ਼ਰੂਰ, ਅੰਦਰ ਆ ਜਾਓ। ਆਰਥਰ ਨੇ ਕਿਹਾ।

—ਤੁਹਾਡੀ ਪਤਨੀ ਦਾ ਨਾਂ ਮਾਰਗਰੇਟ ਹੈ।

—ਜੀ ਹਾਂ, ਪਰ ਸਾਨੂੰ ਇਕ ਦੂਜੇ ਤੋਂ ਵਖ ਰਹਿੰਦਿਆਂ ਚਾਰ ਸਾਲ ਹੋ ਗਏ ਹਨ।

—ਤੁਸੀਂ ਲਿਨੇਟ ਨੂੰ ਜਾਣਦੇ ਹੋ ?

—ਕੌਣ, ਲਿਨੇਟ ?

—ਮਿਸਟਰ ਆਰਥਰ ਇੰਨਾ ਨਾ ਘਬਰਾਓ ! ਕੀ ਇਹ ਸੱਚ ਨਹੀਂ ਕਿ ਉਹ ਤੁਹਾਡੀ ਪ੍ਰੇਮਿਕਾ ਹੈ।

—ਪ੍ਰੇਮਿਕਾ ?...ਹਾਂ ਤੁਸੀਂ ਕਹਿ ਸਕਦੇ ਹੋ। ਆਰਥਰ ਨੇ ਹੈਰਾਨ ਹੁੰਦੇ ਕਿਹਾ।

—ਸਬ ਇਨਸਪੈਕਟਰ ਨੇ ਬਰੀਫ ਕੇਸ ਵਿਚੋਂ ਚਾਕਲੇਟ ਦਾ ਬਕਸ ਕੱਢ ਕੇ ਮੇਜ਼ ਉਪਰ ਰਖਦਿਆਂ ਪੁੱਛਿਆ—ਕੀ ਤੁਸੀਂ ਕਦੇ ਇਸ ਨੂੰ ਵੇਖਿਆ ਹੈ ?

—ਨਹੀਂ।

—ਸਾਨੂੰ ਪਤਾ ਲੱਗਾ ਹੈ ਕਿ ਤੁਹਾਡੀ ਬੀਵੀ ਚਾਕਲੇਟ ਦੀ ਬੜੀ ਸ਼ੌਕੀਨ ਸੀ। ਇਸ ਖਾਸ ਕਿਸਮ ਦੇ ਚਾਕਲੇਟ ਉਸਨੂੰ ਬਹੁਤ ਪਸੰਦ ਸਨ। ਸਬ ਇਨਸਪੈਕਟਰ ਨੇ ਚਾਕਲੇਟ ਦੇ ਬਕਸ ਵਲ ਇਸ਼ਾਰਾ ਕਰਦੇ ਹੋਏ ਕਿਹਾ।

ਆਰਥਰ ਘਬਰਾ ਗਿਆ। ਉਸਨੇ ਆਪਣੇ ਮੱਥੇ ਦਾ ਪਸੀਨਾ ਪੂੰਝਦੇ ਹੋਏ ਕਿਹਾ —ਮੈਂ ਆਪਣਾ ਦੋਸ਼ ਸਵੀਕਾਰ ਕਰਦਾ ਹਾਂ। ਇਹ ਚਾਕਲੇਟ ਮੈਂ ਹੀ ਉਸ ਨੂੰ ਭੇਜੇ ਸਨ। ਇਹ ਕਹਿੰਦੇ ਹੋਏ ਉਹ ਆਪਣਾ ਸਿਰ ਹੱਥਾਂ ਵਿਚ ਫੜ ਕੇ ਰੋਣ ਲੱਗਾ।

ਸਬ ਇਨਸਪੈਕਟਰ ਨੇ ਸਿਪਾਹੀ ਨੂੰ ਕਿਹਾ ਜਲਦੀ ਨਾਲ ਥਾਣੇ ਜਾ ਕੇ ਇਨਸਪੈਕਟਰ ਨੂੰ ਕਹਿ ਦੇ ਕੇ ਮਾਰਗਰੇਟ ਬੇਗੁਨਾਹ ਹੈ, ਉਸ ਨੂੰ ਛਡ ਦਿਤਾ ਜਾਏ।

—ਕੀ ਮਤਲਬ ? ਮਾਰਗਰੇਟ ਨੂੰ ਛੱਡ ਦਿੱਤਾ ਜਾਏ...? ਆਰਥਰ ਨੇ ਚੀਖਦੇ ਹੋਏ ਕਿਹਾ।

—ਹਾਂ, ਮਿਸਟਰ ਆਰਥਰ ਕਲਾਰਕ ! ਤੁਹਾਡੀ ਪਤਨੀ ਮਾਰਗਰੇਟ ਜਿਊਂਦੀ ਹੈ। ਅਸੀਂ ਤੁਹਾਨੂੰ ਇਹੀ ਦਸਣ ਆਏ ਸੀ ਕਿ ਅਸੀਂ ਉਸਨੂੰ ਪੁਛ ਗਿਛ ਲਈ ਰੋਕ ਰਖਿਆ ਹੈ। ਲਓ, ਤੁਸੀਂ ਖੁਦ ਹੀ ਆਪਣੀ ਪਤਨੀ ਦੇ ਹੱਥਾਂ ਦੀ ਲਿਖੀ ਚਿਠੀ ਪੜ੍ਹ ਲਓ :

ਕੁਮਾਰੀ ਲਿਨੇਟ

ਚਾਕਲੇਟ ਦਾ ਜਿਹੜਾ ਬਕਸ ਮੈਂ ਤੁਹਾਨੂੰ ਇਸ ਪੱਤਰ ਦੇ ਨਾਲ ਭੇਜ ਰਹੀ ਹਾਂ, ਉਸਨੂੰ ਭੇਜਣ ਦੀ ਹਿੰਮਤ ਮੇਰੇ ਪਤੀ ਨੇ ਕੀਤੀ ਸੀ, ਫਰਜ਼ੀ ਨਾਂ ਹੇਠ ਇਸ ਨੂੰ ਮੈਨੂੰ ਭੇਜ ਕੇ ਲਗਦਾ ਹੈ ਉਹ ਮੈਨੂੰ ਦੁਬਾਰਾ ਹਾਸਲ ਕਰਨਾ ਚਾਹੁੰਦਾ ਹੈ, ਪਰ ਉਸਦੀ ਇਹ ਕੋਸ਼ਿਸ਼ ਬੇਕਾਰ ਹੈ। ਉਹ ਤੁਹਾਨੂੰ ਮੁਬਾਰਕ ਹੋਵੇ, ਇਸ ਲਈ, ਇਹ ਬਕਸ ਵੀ ਤੁਹਾਨੂੰ ਹੀ ਮੁਬਾਰਕ !

ਤੁਹਾਡੀ—ਮਾਰਗਰੇਟ

—ਅਤੇ ਲਿਨੇਟ ? ਆਰਥਰ ਨੇ ਪੁੱਛਿਆ।

—ਉਹ ਚਾਕਲੇਟ ਖਾ ਕੇ ਮਰ ਚੁਕੀ ਹੈ, ਆਓ ਹੁਣ ਸਾਡੇ ਨਾਲ ਚਲੋ। ਪੁਲਿਸ ਸਬ ਇਨਸਪੈਕਟਰ ਨੇ ਕਿਹਾ।



Namdhari Elibrary NamdhariElibrary@gmail.com

# ਮੋਹਦੀ ਹਸਨ ਦੀ ਸ਼ਾਮ

—ਪ੍ਰਕਾਸ਼

ਇਕ ਬਿਆਨ : ਲਤਾ ਦਾ ਕਹਿਣਾ ਹੈ ਕਿ ਮੋਹਦੀ ਹਸਣ ਦੇ ਗਾਣੇ ਵਿਚ ਖ਼ੁਦਾ ਵਸਦਾ ਹੈ।

ਪਰ...

ਇਕ ਖਬਰ : ਇਕ ਅਖਬਾਰ ਵਿਚ ਇਹ ਖਬਰ ਸੀ ਕਿ ਇਕ ਸੰਗੀਤਕਾਰ ਜੋੜੀ ਮੋਹਦੀ ਹਸਨ ਨੂੰ ਮਿਲਣ ਗਈ। ਗਲਾਂ ਗਲਾਂ ਵਿਚ ਉਨ੍ਹਾਂ 'ਚੋਂ ਇਕ ਤੇ ਪੁਛਿਆ ਕਿ ਲਤਾ ਬਾਰੇ ਤੁਹਾਡਾ ਕੀ ਖਿਆਲ ਹੈ ?

ਮੋਹਦੀ ਹਸਨ ਨੇ ਕਿਹਾ, 'ਨੌਸ਼ਾਦ ਬਿਨਾਂ ਲਤਾ ਦੀ ਕੀ ਔਕਾਤ ਹੈ ?

ਇਕ ਇੰਟਰ ਵਿਊ : ਮੋਹਦੀ ਹਸਣ ਦੇ ਸ਼ਾਇਦ ਇਕ ਤਬਲਚੀ ਹੋਵੇਗਾ ਤੇ ਪੁਛਣ ਤੋਂ ਕਿ ਕਲਾਸੀਕਲ ਸੰਗੀਤ ਬਾਰੇ ਉਨ੍ਹਾਂ ਦੇ ਕੀ ਵਿਚਾਰ ਹਨ ਤਾਂ ਉਸ ਜਵਾਬ ਦਿਤਾ ਸੀ 'ਤੁਸੀਂ' ਕੀ ਗਲਾਂ ਕਰਦੇ ਹੋ ਉਹ ਕਲਾਸੀਕਲ ਦੇ ਤਾਂ ਗਰਾਰੇ ਕਰਦੇ ਹਨ।

ਐਨਾ ਕੁਝ ਪੜਣ ਤੇ ਸੁਣਨ ਤੋਂ ਬਾਦ ਸਹਿਗਲ ਮੈਮੋਰੀਅਲ ਵਾਲਿਆਂ ਮੋਹਦੀ ਹਸਣ ਨੂੰ ਜਲੰਧਰ ਬੁਲਾਇਆ ਤਾਂ ਸੋਚਿਆ, ਕਿ ਇਸ ਮਹਾਣ ਹਸਤੀ ਨੂੰ ਮਿਲਿਆ ਜਾਵੇ :

ਕਮਰਾ ਸਕਾਈ ਲਾਰਕ ਦਾ 214, ਵਕਤ ਸ਼ਾਮ ਦੇ ਸਾਢੇ ਛੇ ਤੇ ਕੁਝ ਲੋਕਾਂ ਦਾ ਝੁਰਮਟਾ ਕਈ ਲੋਕ ਉਸ ਕੋਲੋਂ ਨਵੀਂ ਜਾਣਕਾਰੀ ਲੈਣਾ ਚਾਹੁੰਦੇ ਸੀ।

ਪਹਿਲੀ—ਪਾਕਿਸਤਾਨ ਦੇ ਹੀ ਇਕ ਹੋਰ ਗਾਇਕ ਮੁਹੰਮਦ ਅਲੀ ਬਾਰੇ ਉਸ ਦਾ ਕਹਿਣਾ ਹੈ ਕਿ ਉਸ ਨੂੰ ਉਹ ਆਪ ਹੀਰਾ ਮੰਡੀ 'ਚੋਂ ਵੇਸ਼ਯਾ ਦੇ ਕੋਠੇ ਤੋਂ ਲੈ ਕੇ ਆਇਆ ਸੀ।

ਪਰ ਅਸਲੀਅਤ ਇਹ ਹੈ ਮੋਹਦੀ ਹਸਨ ਆਪ ਉਸ ਵੇਲੇ ਅਜੇ ਅਗੇ ਨਹੀਂ ਸੀ ਆਇਆ ਜਦੋਂ ਦਾ ਗੁਲਾਮ ਅਲੀ ਆਪਣੀ ਆਵਾਜ਼ ਸਦਕਾ ਲੋਕਾਂ ਦੀ ਜ਼ਬਾਣ ਤੇ ਆ ਚੁਕਾ ਸੀ।

ਦੂਸਰੀ : ਇਹ ਕਹਿਣ ਤੇ ਕਿ ਤੁਹਾਡੀਆਂ ਗ਼ਜ਼ਲਾਂ ਜਿੰਨੀਆਂ ਖੂਬਸੂਰਤ ਹਨ ਉਨੇ ਹੀ ਘਟੀਆ ਤੁਹਾਡੇ ਫਿਲਮੀ ਗਾਣੇ ਹਨ, ਕੀ ਤੁਸੀਂ ਫਿਲਮਾਂ ਵਿਚ ਗੀਤ ਸਿਰਫ ਇਸ ਕਰਕੇ ਗਾਉਂਦੇ ਹੋ ਕਿ ਪੈਸਾ ਕਮਾਇਆ ਜਾ ਸਕੇ ?

ਇਸ ਗਲ ਤੇ ਥੋਹੜਾ ਉਹ ਘਬਰਾਇਆ ਜ਼ਰੂਰ ਪਰ ਫਿਰ ਕੁਝ ਅਗੇ ਪਿਛੇ ਜਿਹੀ ਗਲ ਕਰ ਗਿਆ।

ਸੀਨ ਦੂਸਰਾ :

ਲਾਲ ਰਤਨ ਸਿਨਮਾ, ਸ਼ਹਿਰ ਜਲੰਧਰ, ਸਮਾਂ 9-30 ਸ਼ਾਮ ਦੇ। ਸ਼ਾਇਦ ਅਜੇ ਮੋਹਦੀ ਸਿਨਮੇ ਨਹੀਂ ਸੀ ਪਹੁੰਚਿਆ ਸਹਿਗਲ ਮੈਮੋਰੀਅਲ ਦੇ ਵਰਕਰ, ਅਧੇ ਕੁ ਸ਼ਰਾਬੀ ਹੋਏ ਗੇਟ ਤੇ ਪਾਸ ਵੇਖ ਰਹੇ ਸਨ। ਆਪਣੇ ਪਰਾਏ ਦਾ ਖਿਆਲ ਇਸਦੇ ਬਾਵਜੂਦ ਕੀਤਾ ਜਾ ਰਿਹਾ ਸੀ। ਕਾਫੀ ਰੌਲੇ ਰਪੇ ਤੋਂ ਬਾਅਦ ਅਲ੍ਹਾ ਦਾ ਨਾਂ ਲੈ ਕੇ ਮੋਹਦੀ ਹਸਨ ਆਪਣੀ ਟੀਮ ਨਾਲ ਸਿਨਮੇ ਪਹੁੰਚੇ ਤੇ ਉਨ੍ਹਾਂ ਦੇ ਨਾਲ ਹੀ ਦੋ ਮੰਤਰੀ ਵੀ ਆਏ।

ਖੈਰ, ਪ੍ਰੋਗਰਾਮ ਸ਼ੁਰੂ ਹੋਇਆ, ਮੈਮੋਰੀਅਲ ਦੇ ਸੈਕਟਰੀ, ਸ੍ਰੀ ਜੇ. ਕੇ. ਸੂਦ ਮਾਈਕ ਤੇ ਆ ਧਮਕੇ ਤੇ ਲਗੇ ਆਪਣੀਆਂ ਮਲਾਂ ਮਾਰੀਆਂ ਦਾ ਜ਼ਿਕਰ ਕਰਨ।

ਸ਼ਾਇਦ ਸ੍ਰ: ਅਜੀਤ ਸਿੰਘ ਭਿਤਾ, ਇਹ ਬਰਦਾਸ਼ਤ ਨਾ ਕਰ ਪਾਏ ਜਾਂ ਉਨ੍ਹਾਂ ਦੇ ਅੰਦਰ ਕੋਈ ਖਲਬਲੀ ਮੱਚੀ ਹੋਈ ਹੋਵੇਗੀ ਕਿ ਉਹ ਮਾਈਕ ਤੇ ਆ ਗਏ ਤੇ ਸੂਦ ਨੂੰ ਕਹਿ ਦਿਤਾ ਕਿ ਲੋਕ ਤੈਨੂੰ ਨਹੀਂ ਮੋਹਦੀ ਹਸਨ ਨੂੰ ਸੁਣਨ ਆਏ ਹਨ ਤੇ ਨਾਲ ਹੀ ਖਿਚ ਕੇ ਬਿਠਾ ਦਿਤਾ।

ਦੀਂਤਸਾ ਸਾਹਿਬ ਨੇ ਵੀ ਸਪੀਚ ਕੀਤੀ—ਸ਼ਾਇਦ ਪਹਿਲਾ ਫਿਕਰਾ ਹਿੰਦੀ ਸੀ ਤੇ ਦੂਸਰਾ ਪੰਜਾਬੀ ਵਿਚ ਤੇ ਇਹ ਮੈਨੂੰ ਪੱਕਾ ਪੱਤਾ ਹੈ ਕਿ ਤੀਸਰਾ ਅਗਰੇਜ਼ੀ ਵਿਚ। ਪਰ ਇਕ ਗਲ ਉਨ੍ਹਾਂ ਠੀਕ ਕੀਤੀ ਕਿ ਬਸ ਥੋੜਾ ਹੀ ਬੋਲ ਕੇ ਬੈਠ ਗਏ। ਸ਼ਾਇਦ ਉਨ੍ਹਾਂ ਨੂੰ ਇਹ ਫਿਕਰ ਹੋਵੇਗਾ ਕਿ ਮੈਨੂੰ ਵੀ ਨਾ ਕੋਈ ਧੂਹ ਕੇ ਬਿਠਾ ਦੇਵੇ।

ਸਹਿਗਲ ਦੀ ਟਰਾਫੀ ਮੋਹਦੀ ਨੂੰ ਦੇਣ ਤੋਂ ਬਾਦ ਪ੍ਰੋਗਰਾਮ ਸ਼ੁਰੂ ਹੋਇਆ। ਪਰ ਮਾਈਕਾਂ ਦੀ ਸੈਟਿੰਗ ਠੀਕ ਨਹੀਂ ਸੀ ਜੋ ਮੋਹਦੀ ਨੇ ਆਪ ਠੀਕ ਕੀਤੀ ਤੇ ਫਿਰ ਆਪਣਾ ਗਲ ਸਾਫ ਕਰਕੇ ਅਲਾਪ ਸ਼ੁਰੂ ਕੀਤਾ।



Namdhari Elibrary NamdhariElibrary@gmail.com

ਗ਼ਜ਼ਲ ਗਾਈ ਜਾ ਰਹੀ ਸੀ ਤੇ ਪਤਾ ਨਹੀਂ ਢਿੱਕਾ ਸਾਹਿਬ ਨੂੰ ਮੁੜ ਮੁੜ ਕੇ ਕਿਹੜੀ ਗਲ ਯਾਦ ਆਉਂਦੀ ਉਹ ਕਦੀ ਕਿਸੇ ਦੇ ਤੇ ਕਦੀ ਕਿਸੇ ਦੇ ਕੰਨ ਵਿਚ ਕੁਝ ਕਹਿਣ ਚਲੇ ਜਾਂਦੇ ।

ਵਿਚਾਰਾ ਮੋਹਦੀ !

ਹਾਂ ਤੇ ਮੋਹਦੀ ਵਿਚਾਰ੍ਹਾ ਰਹਿ ਨਾ ਸਕਿਆ ਤੇ ਉਸ ਨੂੰ ਕਹਿਣਾ ਪਿਆ ਕਿ ਸਰਦਾਰ ਸਾਹਿਬ ਜੇ ਸੁਣਨਾ ਹੈ ਤਾ ਆਰਾਮ ਨਾਲ ਬੈਠ ਕੇ ਸੁਣੋ ਤੇ ਇਸ ਗਲ ਦੇ ਕੁਝ ਚਿਰ ਬਾਦ ਢਿੱਕਾ ਸਾਹਿਬ ਚਲੇ ਗਏ !

ਲੋਕ ਉਠ ਉਠ ਬਾਹਰ ਜਾਣ ਲਗੇ—ਮੋਹਦੀ ਆਪਣੇ ਗਲੇ 'ਚੋਂ ਆਵਾਜ਼ ਕਢਦਾ ਰਿਹਾ, ਪਰ ਜਿਹੜੇ ਇਕ ਵਾਰੀ ਬਾਹਰ ਚਲੇ ਗਏ ਉਹ ਮੁੜ ਹਾਲ ਅੰਦਰ ਨਹੀਂ ਆਏ ।

ਮੇਰੇ ਅਗੇ ਬੈਠੀਆਂ ਦੋ ਫੈਸ਼ਨਏਬਲ ਔਰਤਾਂ ਲਗਾਤਾਰ ਆਪਣੀਆਂ ਗਲਾਂ ਕਰਦੀਆਂ ਰਹੀਆਂ ਤੇ ਪ੍ਰੋਗਰਾਮ ਟੇਪ ਕਰਦੀਆਂ ਰਹੀਆਂ ਤੇ ਨਾਲ ਹੀ ਜਾਣ ਵਾਲੇ ਲੋਕਾਂ ਦਾ ਮਖੌਲ ਉਡਾਂਦੀਆਂ ਰਹੀਆਂ ਤੇ ਕਦੀ ਕਦੀ ਉਨ੍ਹਾਂ ਦੋਹਾਂ 'ਚੋਂ ਇਕ ਕਹਿ ਛਡਦੀ ਮੈਂ ਮੋਹਦੀ ਦੀ ਬਹੁਤ ਹੀ ਪ੍ਰਸੰਸਕਾ ਹਾਂ ।

ਮੋਹਦੀ ਗਾਉਂਦਾ ਰਿਹਾ ।

ਉਸ ਦੋ ਪੁਰਾਣੀਆਂ ਗ਼ਜ਼ਲਾਂ ਤਿੰਨ ਨਵੀਆਂ ਕੰਪੋਜ਼ ਕੀਤੀਆਂ, ਕੁਝ ਪੰਜਾਬੀ ਟੱਪੇ ਤੇ ਦੋ ਫਿਲਮੀ ਗਾਣੇ ਸੁਣਾਏ

ਇਨ੍ਹਾਂ ਸਾਰਿਆਂ ਵਿਚੋਂ ਤਿੰਨਾਂ ਚਾਰਾਂ ,ਗ਼ਜ਼ਲਾਂ ਦੀ ਬੰਦਸ਼ ਬਹੁਤ ਹੀ ਖੂਬ ਸੂਰਤ ਸੀ । ਫਿਲਮੀ ਗਾਣੇ—ਸਪਾਟ ਕੋਈ ਗਲ ਨਹੀਂ ਸੀ ਤੇ ਜਿਹੜੇ ਟੱਪੇਗਾਏ—ਖੈਰ ਛਡੋ ਪਰੇ ।

ਅਖੀਰ, ਜਿਥੋਂ ਤਕ ਮੇਰਾ ਖਿਆਲ ਹੈ ਨਾ ਤਾਂ ਲੋਕ ਹੀ ਸੁਣ ਸਕੇ ਉਸ ਨੂੰ ਤੇ ਨਾ ਹੀ ਮੋਹਦੀ ਨੂੰ ਹੀ ਕੋਈ ਮਜ਼ਾ ਆਇਆ ਹੋਵੇਗਾ, ਸ਼ਾਇਦ ਹੋ ਸਕਦਾ ਹੈ ਕਿ ਉਸਨੂੰ ਮਜ਼ਾ ਆਇਆ ਵੀ ਹੋਵੇ – ਜ਼ੋਰ ਤਾਂ ਪੂਰਾ ਉਸ ਲਾਇਆ ਸੀ ।

ਹਾਲ ਤੋਂ ਬਾਹਰ ਨਿਕਲੇ ਤਾਂ ਇਕ ਸ਼ਿਅਰ ਜ਼ਬਾਨ ਤੇ ਆ ਗਿਆ :—

ਬਹੁਤ ਸ਼ੋਰ ਸੁਣਤੇ ਥੇ ਪਹਿਲੂ ਮੇਂ ਦਿਲਕਾ,
ਜੋ ਚੀਰਾ ਤੋ ਕਤਰਾ – ਏ ਖੂਨ ਨਿਕਲਾ ।


FOR BEST QUALITY & PERFORMANCE

Ask for

**JAYSON PRODUCTS**



- ELECTRIC MOTORS
- GRINDERS
- POLISHERS
- EXHAUST FANS

Manufacturers

## Jayson Electric Company

Factory :
WH-2, PHASE I
Industrial Area,
Sat Guru Ram Singh Marg,
MAYA PURI,
NEW DELHI-110064

Show Room :
JAYSON SALES CORPN.
3832/10 Shardha Nand Marg
(G. B Road)
Behind M. C. Primary School,
NEW DELHI-110006.
Phone : 525795




Namdhari Elibrary NamdhariElibrary@gmail.com

# ਇੰਗਲੈਂਡ ਅਤੇ ਭਾਰਤ

– ਸੰਤੋਖ ਸਿੰਘ ਧੀਰ

(੧)

ਇੰਗਲੈਂਡ ਅਤੇ ਭਾਰਤ ਵਿਚ ਕਿਤੇ ਕੋਈ ਸਮਾਨਤਾ ਹੈ, ਤੇ ਕਿਤੇ ਕੋਈ ਵੱਡੀ ਵਿੱਥ। ਆਓ, ਦੋਹਾਂ ਦੇਸ਼ਾਂ ਉਤੇ ਉਡਦੀ ਝਾਤੀ ਮਾਰੀਏ।

ਇੰਗਲੈਂਡ, ਸਭ ਨੂੰ ਪਤਾ ਹੈ, ਭਾਰਤ ਉਤੇ ਲੰਮਾ ਸਮਾਂ ਰਾਜ ਕਰਦਾ ਰਿਹਾ ਹੈ। ਭਾਰਤ ਨੇ ਇੰਗਲੈਂਡ ਵਿਰੁੱਧ ਲੰਮਾ ਘੋਲ ਕੀਤਾ ਤੇ ਓੜਕ ਬੰਧਨ-ਮੁਕਤ ਹੋਇਆ। ਅੱਜ ਭਾਰਤ ਆਪਣੇ ਨਵ-ਨਿਰਮਾਣ ਵਿਚ ਲਗਾ ਹੋਇਆ ਹੈ!

ਇੰਗਲੈਂਡ ਕੀ ਕਰ ਰਿਹਾ ਹੈ ? ਇੰਗਲੈਂਡ ਉਤੇ ਇਹ ਸਚਾਈ ਰੌਸ਼ਨ ਹੁੰਦੀ ਜਾਂਦੀ ਹੈ ਕਿ ਉਸਦੇ ਸਾਮਰਾਜ ਦਾ ਸੂਰਜ – ਜਿਹੜਾ ਡੁੱਬਦਾ ਨਹੀਂ ਸੀ ਹੁੰਦਾ— ਦਿਨੋ ਦਿਨ ਡੁੱਬ ਰਿਹਾ ਹੈ ਤੇ ਦੁਨੀਆਂ ਉਤੇ ਜਾਗ੍ਰਤੀ ਦਾ ਨਵਾਂ ਸੂਰਜ ਚੜ੍ਹ ਰਿਹਾ ਹੈ। ਸੰਗਲ ਟੁੱਟ ਰਹੇ ਹਨ। ਗੁਲਾਮ ਹੁਣ ਗੁਲਾਮੀ ਵਾਲੀਆਂ ਛੱਟਾਂ ਨੂੰ ਲਾਹ ਰਹੇ ਹਨ। ਹੁਣ ਤਾਂ ਜੁਗ ਕਿਰਤੀ ਅਤੇ ਕਿਸਾਨ ਦਾ ਆ ਰਿਹਾ ਹੈ।

ਇੰਗਲੈਂਡ ਵਿਕਸਿਤ ਦੇਸ਼ ਹੈ ; ਭਾਰਤ ਇਕ ਵਿਕਾਸ-ਸ਼ੀਲ ਤੇ ਨਵਾਂ ਆਜ਼ਾਦ ਹੋਇਆ ਦੇਸ਼। ਇੰਗਲੈਂਡ ਜਿਥੇ ਅੱਜ ਹੈ, ਕਈ ਲੋਕ ਕਹਿ ਦਿੰਦੇ ਹਨ, ਭਾਰਤ ਅਜੇ ਦੋ ਸੌ ਸਾਲ ਵੀ ਉਥੇ ਨਹੀਂ ਪੁੱਜ ਸਕੇਗਾ। ਭਾਵੇਂ ਇਸ ਵਿਚ ਕਾਫੀ ਹੱਦ ਤਕ ਅਤਿਕਥਨੀ ਦਾ ਅੰਸ਼ ਹੈ, ਪਰ ਇਹ ਗੱਲ ਕੁਝ ਠੀਕ ਵੀ ਹੈ। ਇੰਗਲੈਂਡ ਸਨਅਤੀ ਦੇਸ਼ ਹੈ, ਭਾਰਤ ਅੱਜ ਵੀ ਖੇਤੀ ਬਾੜੀ ਦਾ ਮੁਲਕ ਹੀ ਆਖਿਆ ਜਾਂਦਾ ਹੈ।

ਭਾਰਤ ਦੇ ਮੁਕਾਬਲੇ ਵਿਚ ਇੰਗਲੈਂਡ ਬਹੁਤ ਛੋਟਾ ਹੈ। ਜਨਸੰਖਿਆ ਪੱਖੋਂ ਵੀ ਤੇ ਖੇਤਰ ਫਲ ਦੇ ਪਖੋਂ ਵੀ। ਜਨ-ਸੰਖਿਆ ਭਾਰਤ ਦੀ ਗਿਆਰਾਂ ਗੁਣਾਂ ਤੋਂ ਉਤੇ ਹੈ ਤੇ ਭੂਮੀ ਬਾਰਾਂ ਗੁਣਾ ਹੈ। ਫੇਰ ਵੀ, ਸੰਸਾਰ ਵਿਚ, ਤਪ ਤੇਜ ਇੰਗਲੈਂਡ ਦਾ ਹੀ ਬਹੁਤਾ ਮੰਨਿਆ ਜਾਂਦਾ ਹੈ ਤੇ ਉਹ ਇਕ ਵੱਡੀ ਤਾਕਤ ਹੈ। ਇਸ ਦਾ ਕਾਰਨ ਕੀ ਹੈ ? ਆਓ, ਇਸ ਦੇ ਕਾਰਨ ਦੀ ਵੀ ਕੁਝ ਨਾ ਕੁਝ ਪੜਤਾਲ ਕਰੀਏ।

ਜਿਥੋਂ ਤੀਕਰ ਮਾੜੀ ਮੋਟੀ ਮੈਨੂੰ ਸਮਝ ਪੈ ਸਕੀ ਹੈ, ਇਸਦਾ ਕਾਰਨ ਖ਼ਾਸਕਰ ਇੰਗਲੈਂਡ ਦੀ ਸਰਮਾਇਆਦਾਰੀ ਦਾ ਅਤੀ ਉੱਨਤ ਹੋਣਾ ਤੇ ਸਾਮਰਾਜ ਦਾ ਰੂਪ ਧਾਰ ਕੇ ਬਾਹਰ ਵਲ ਨੂੰ ਜਾਣਾ ਹੈ। ਇਸ ਤੋਂ ਬਿਨਾਂ ਕੁਝ ਨਾ ਕੁਝ ਅੰਗ੍ਰੇਜ਼ ਕੌਮ ਦਾ ਗੁਣ ਵੀ ਹੈ। ਅੰਗਰੇਜ਼ ਬਹੁਤ ਚੁਸਤ ਹੈ। ਅੰਗ੍ਰੇਜ਼ ਦੀ ਸਿਆਣਪ ਵੀ ਸੰਸਾਰ ਨੇ ਮੰਨੀ ਹੋਈ ਹੈ। ਲਗਨ ਅਤੇ ਦ੍ਰਿੜ੍ਹਤਾ ਵੀ। ਅੰਗ੍ਰੇਜ਼, ਇਹ ਹਕੀਕਤ ਹੈ, ਜਿਹੜਾ ਕੰਮ ਵੀ ਕਰਦਾ ਹੈ, ਉਸ ਵਿਚ ਆਪਣੇ ਆਪ ਨੂੰ ਸ਼ਮਿਲਤ ਹੀ ਕਰ ਦਿੰਦਾ ਹੈ। ਇਸ ਹਿਸਾਬ ਅਸੀਂ, ਭਾਰਤਵਾਸੀ, ਬਹੁਤ ਪਿੱਛੇ ਹਾਂ। ਅਸੀਂ ਸੁਸਤ ਹੀ ਨਹੀਂ ਹਾਂ, ਸਿਆਣਪ ਵਿਚ ਵੀ ਊਣੇ ਹਾਂ। ਸਾਡੇ ਵਿਚ, ਨਿਰਸੰਦੇਹ, ਸ੍ਵੈਵਿਸ਼ਵਾਸ ਦੀ ਘਾਟ ਹੈ। ਅੰਗ੍ਰੇਜ਼ ਵਿਚ ਸ੍ਵੈਵਿਸ਼ਵਾਸ ਸਾਥੋਂ ਕਿਤੇ ਵਧੇਰੇ ਹੈ।

ਪਤਾ ਨਹੀਂ ਕੀ ਕਾਰਨ ਹੈ, ਡਰ ਤੇ ਭੈਅ ਦਾ ਸਾਡੇ ਵਿਚ ਕੁਝ ਲੋੜ ਤੋਂ ਵੱਧ ਹੀ ਵਾਸਾ ਹੈ। ਅੰਗ੍ਰੇਜ਼ ਸਾਥੋਂ ਕਿਤੇ ਵੱਧ ਇਸ ਡਰ ਤੇ ਭੈਅ ਤੋਂ ਮੁਕਤ ਹੈ। ਉਸ ਦੇ ਦਿਲ ਵਿਚ



Namdhari Elibrary NamdhariElibrary@gmail.com

ਸਾਹਸ ਹੈ, ਵੱਡਪਣ ਹੈ, ਪਕਿਆਈ ਹੈ। ਅਸੀਂ ਆਪਣੇ ਆਪ ਨੂੰ ਕੁਝ ਨਿਰਬਲ ਅਤੇ ਨਿਤਾਣੇ ਜਿਹੇ ਹੀ ਅਨੁਭਵ ਕਰਦੇ ਰਹਿੰਦੇ ਹਾਂ।

ਸਾਨੂੰ, ਭਾਰਤਵਾਸੀਆਂ ਨੂੰ, ਆਮ ਕਰਕੇ ਸਿੱਖਿਆ ਵੀ ਕੁਝ ਇੰਝ ਹੀ ਦਿਤੀ ਜਾਂਦੀ ਹੈ! ਏਥੇਂ ਡਰੋ, ਉਥੇਂ ਡਰੋ ਇਹ ਨਾ ਕਰੋ, ਉਹ ਨਾ ਕਰੋ। ਠੀਕ ਹੈ, ਕਿਤੇ ਕਿਤੇ ਇਹ ਬਹੁਤ ਠੀਕ ਵੀ ਹੁੰਦੀ ਹੈ, ਪਰ ਇਸ ਦਾ ਸਾਰੇ ਜੀਵਨ ਦਾ ਹੀ ਇਕੋ ਇਕ ਆਧਾਰ ਬਣ ਜਾਣਾ ਅਤਿ ਦਾ ਹਾਨੀਕਾਰਕ ਹੈ। ਇਸ ਗਲੋਂ ਅੰਗਰੇਜ਼ ਕੌਮ ਸਾਥੋਂ ਬਿਲਕੁਲ ਉਲਟ ਹੈ। ਜਿਹੜੀ ਸਿੱਖਿਆ ਮੁੱਢ ਵਿਚ ਹੀ ਉਹਨਾਂ ਨੂੰ ਦਿਤੀ ਜਾਂਦੀ ਹੈ, ਡਰ ਜਾਂ ਭੈਅ ਉਸ ਸਿੱਖਿਆ ਦੇ ਨੇੜੇ ਤੇੜੇ ਵੀ ਨਹੀਂ ਹੁੰਦਾ। ਉਸ ਆਪਣੇ ਬੱਚਿਆਂ ਨੂੰ ਮੁੱਢੋਂ ਹੀ ਦਲੇਰ ਬਣਨ ਦੀ ਸਿੱਖਿਆ ਦਿੰਦੇ ਰਹਿੰਦੇ ਹਨ।

ਵਿਗਿਆਨ ਅਤੇ ਤਕਨਾਲੋਜੀ ਵੀ ਨਿਰਸੰਦੇਹ ਇੰਗਲੈਂਡ ਨੂੰ ਏਨਾ ਅੱਗੇ ਕਰਨ ਵਾਲੇ ਹਨ। ਤਾਂ ਵੀ, ਇਸ ਦਾ ਸਿਹਰਾ ਵੀ ਇੰਗਲੈਂਡ ਦੀ ਕੌਮ ਨੂੰ ਜਾਂਦਾ ਹੈ। ਇਹ ਇੰਗਲੈਂਡ ਦੀ ਪ੍ਰਤਿਭਾ ਤੇ ਮੌਲਿਕਤਾ ਦੇ ਕ੍ਰਿਸ਼ਮੇ ਹਨ।

ਇੰਗਲੈਂਡ ਜਦੋਂ ਸੂਰਜ ਵਾਂਗੂੰ ਉੱਚਾ ਹੁੰਦਾ ਜਾਂਦਾ ਸੀ, ਅਸੀਂ ਉਦੋਂ ਕਿਸ ਹਨੇਰੀ ਰਾਤ ਵਿਚ ਰਹਿ ਰਹੇ ਸਾਂ? ਕੀ ਅਸੀਂ ਪ੍ਰਤਿਭਾ ਜਾਂ ਮੌਲਿਕਤਾ-ਤੋਂ ਵਿਰਵੇ ਸਾਂ? ਅਸੀਂ ਪ੍ਰਤਿਭਾਸ਼ਾਲੀ ਸਾਂ। ਮੌਲਿਕਤਾ ਵੀ ਬੜੀ ਸੀ। ਸਾਨੂੰ ਆਪਣੀ ਮੌਲਿਕਤਾ ਤੇ ਪ੍ਰਤਿਭਾ ਭੁੱਲੀ ਹੋਈ ਸੀ। ਅਸੀਂ ਉਦੋਂ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਹੀ ਜਕੜੇ ਚਲੇ ਆਉਂਦੇ ਸਾਂ। ਇਕ ਜ਼ੰਜੀਰ ਲੱਥੀ ਤੇ ਦੂਜੀ ਪਹਿਨੀ ਗਈ ਸੀ। ਅਸੀਂ ਆਪਣੇ ਆਪ ਨੂੰ ਪਛਾਣਿਆ ਹੋਇਆ ਨਹੀਂ ਸੀ।

ਇੰਗਲੈਂਡ ਦੀ ਵਿਉਂਤ ਤੇ ਮਰਿਆਦਾ ਵੀ ਕਮਾਲ ਦੀ ਹੈ। ਸਾਡੀ ਸਰ ਜ਼ਮੀਨ ਨੇ ਰਾਮਾਇਣ ਦੀ ਰਚਨਾ ਕੀਤੀ ਹੈ। ਅਸੀਂ ਰਾਮਾਇਣ ਦੇ ਨਾਇਕ ਨੂੰ "ਮਰਿਆਦਾ ਪੁਰਸ਼ੋਤਮ" ਵੀ ਕਹਿੰਦੇ ਹਾਂ। ਸਾਨੂੰ ਇਸ ਕ੍ਰਿਤੀ ਨਾਲ ਰਾਮਾਇਣ ਦਾ ਕਵੀ ਮਰਿਆਦਾ ਦਾ ਸੰਦੇਸ਼ ਵੀ ਦੇਣਾ ਚਾਹੁੰਦਾ ਹੈ। ਪਰ, ਜਾਪਦਾ ਹੈ, ਇਹ ਸੰਦੇਸ਼ ਇੰਗਲੈਂਡ ਨੇ ਬਹੁਤਾ ਸੁਣਿਆ ਹੈ। ਇੰਗਲੈਂਡ ਨੂੰ ਮਰਿਆਦਾ ਨੇ ਵੀ ਏਨੀ ਤਾਕਤ ਦਿਤੀ ਹੈ।

ਵਿਉਂਤ ਵੀ ਇੰਗਲੈਂਡ ਦੀ ਹੈਰਾਨ ਕਰਨ ਤਕ ਜਾਂਦੀ ਹੈ। ਮਿਸਾਲ ਵਜੋਂ, ਪੁਲ ਹਨ। ਵਿਉਂ ਉਸਾਰੇ ਗਏ ਹਨ ਕਿ ਵੇਖ ਕੇ ਹੈਰਤ ਹੁੰਦੀ ਹੈ। ਬਰਮਿੰਘਮ ਵਿਚ ਇਕ ਪੁਲ ਹੈ। ਹੂ-ਬ-ਹੂ ਇਹ ਸੇਵੀਆਂ ਦੇ ਗੁੱਛੇ ਵਾਂਗੂੰ ਬਣਿਆ ਹੈ। ਇਕ ਸੜਕ ਹੇਠਾਂ ਹੈ, ਦੂਜੀ ਉਸ ਦੇ ਉਤੇ ਹੈ, ਤੀਜੀ ਕਿਸੇ ਹੋਰ ਪਾਸਿਓਂ ਏਧਰ ਵਲ ਆ ਜਾਂਦੀ ਹੈ, ਚੌਥੀ ਕਿਸੇ ਹੋਰ ਪਾਸਿਓਂ ਉਧਰ ਵਲ ਜਾ ਰਹਿੰਦੀ ਹੈ। ਇਕ ਸੜਕ ਹੇਠਾਂ ਹੈ, ਦੂਜੀ ਉਸ ਦੇ ਉਤੇ ਹੈ, ਤੀਜੀ ਉਸ ਦੇ ਉਤੇ ਹੈ ਤੇ ਚੌਥੀ ਉਸ ਦੇ ਉਤੇ ਹੈ। ਸੇਵੀਆਂ ਦਾ ਗੁੱਛਾ ਵੀ ਕੁਝ ਸਮਝ ਵਿਚ ਆ ਜਾਂਦਾ ਹੈ। ਪਰ ਇਹ ਪੁਲ— ਕਮਾਲ ਹੈ!

ਜਿਥੋਂ ਤੀਕਰ ਮਾੜੀ ਮੋਟੀ ਮੈਨੂੰ ਸਮਝ ਪੈ ਸਕੀ ਹੈ, ਸਾਡੇ ਹਿੰਦੋਸਤਾਨ ਨੂੰ ਅੰਗਰੇਜ਼ ਦੀ ਮਰਿਆਦਾ ਨੇ ਵੀ ਸਰ ਜਾਂ ਫਤਹਿ ਕੀਤਾ ਸੀ। ਅੰਗਰੇਜ਼ ਜਦੋਂ ਲੈਫਟ-ਰਾਈਟ ਕਰਦਾ ਹੋਇਆ ਆਇਆ ਸੀ, ਅਸੀਂ ਭਾਵੇਂ ਲੜੇ ਸਾਂ, ਪਰ ਬਹੁਤਾ ਅਸੀਂ ਬੇਤਰਤੀਬੇ ਢੰਗ ਜਿਹੇ ਦੀ ਭੀੜ ਹੀ ਸਾਂ। ਅਸੀਂ ਕਿਸੇ ਸੂਤਰ ਵਿਚ ਪਰੋਤੇ ਹੋਏ ਨਹੀਂ ਸਾਂ, ਬਿਖਰੇ ਬਿਖਰੇ ਜਿਹੇ ਸਾਂ। ਸਭ ਤੋਂ ਵੱਧ, ਅਸੀ ਉਦੋਂ ਹਿੰਦੋਸਤਾਨੀ ਨਹੀਂ ਸਾਂ। ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਇਸੇ ਤਰ੍ਹਾਂ ਕੁਝ ਹੋਰ ਹੀ ਸਾਂ। ਅਸੀਂ ਅੱਜ ਵੀ ਆਪਣੇ ਆਪ ਨੂੰ ਹਿੰਦੋਸਤਾਨੀ ਨਹੀਂ ਆਖਦੇ; ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਹੋਰ ਕੁਝ ਹੀ ਕਹਿੰਦੇ ਹਾਂ। ਅਸੀਂ, ਹਿੰਦੋਸਤਾਨੀ, ਅਜੇ ਇਕ ਕੌਮ ਨਹੀਂ ਬਣ ਸਕੇ। ਅੰਗ੍ਰੇਜ਼ ਇਕ ਕੌਮ ਹੈ। ਅਸੀਂ, ਹਿੰਦੋਸਤਾਨੀ, ਜਦੋਂ ਇਕ ਕੌਮ ਬਣ ਜਾਵਾਂਗੇ; ਮਰਿਆਦਾ ਧਾਰਨ ਕਰਾਂਗੇ; ਕਿਸੇ ਇਕੋ ਸੂਤਰ ਵਿਚ ਪਰੋਤੇ ਹੋਏ ਹੋਵਾਂਗੇ; ਉਦੋਂ ਅਸੀਂ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਹੋਵਾਂਗੇ, ਹਿੰਦੋਸਤਾਨੀ ਹੋਵਾਂਗੇ। ਹਿੰਦੋਸਤਾਨੀ ਹੋਣ ਵਿਚ ਹੀ ਮਾਣ ਮਹਿਸੂਸ ਕਰਾਂਗੇ। ਉਦੋਂ ਅਸੀਂ ਆਪਣਾ ਆਪ ਪਛਾਣਨ ਵਲ ਤੁਰ ਪਵਾਂਗੇ। ਅਜੇ



Namdhari Elibrary NamdhariElibrary@gmail.com

ਅਸੀਂ ਆਪਣਾ ਆਪ ਪਛਾਣਿਆ ਹੋਇਆ ਨਹੀਂ ਹੈ। ਸਾਨੂੰ ਆਪਣਾ ਮੁੱਢ ਜਾਂ ਮੂਲ ਉੱਕਾ ਭੁੱਲਿਆ ਹੋਇਆ ਹੈ।

ਮੁੱਢ ਜਾਂ ਮੂਲ, ਉਂਜ ਤਾਂ ਅਜੇ ਹੋਰ ਵੀ ਬਹੁਤ ਲੋਕ ਹਨ ਜਿਨ੍ਹਾਂ ਨੂੰ ਭੁੱਲਿਆ ਹੋਇਆ ਹੈ, ਪਰ ਏਥੇ ਅਜੇ ਭਾਰਤ ਤੇ ਇੰਗਲੈਂਡ ਦੀ ਗੱਲ ਹੋ ਰਹੀ ਹੈ। ਇੰਗਲੈਂਡ ਨੇ ਵੀ ਆਪਣੇ ਆਪ ਨੂੰ ਪੂਰਾ ਨਹੀਂ ਪਛਾਣਿਆ। ਹਾਂ, ਉਹ ਸਾਥੋਂ ਅੱਗੇ ਹੈ। ਇੰਗਲੈਂਡ ਨਾਲੋਂ, ਨਿਰਸੰਦੇਹ, ਸਾਡਾ ਸਫਰ ਲੰਮਾ ਹੈ।

ਕੀ ਇਹ ਜ਼ਰੂਰੀ ਹੈ ਕਿ ਜੇ ਇੰਗਲੈਂਡ ਅੱਗੇ ਹੈ ਤਾਂ ਅੱਗੇ ਹੀ ਉਹ ਰਹੇਗਾ? ਨਹੀਂ, ਇਹ ਜ਼ਰੂਰੀ ਨਹੀਂ। ਇੰਗਲੈਂਡ ਨਾਲੋਂ ਜ਼ਾਰ ਦਾ ਰੂਸ ਕਿੰਨਾ ਪਿਛੇ ਪਿਆ ਸੀ! ਅੱਜ ਰੂਸ, ਨਿਰਸੰਦੇਹ, ਇੰਗਲੈਂਡ ਤੋਂ ਕਿਤੇ ਅੱਗੇ ਹੈ। ਸਗੋਂ, ਕਈਆਂ ਖੇਤਰਾਂ ਵਿਚ, ਅਮ੍ਰੀਕਾ ਤੋਂ ਵੀ ਅੱਗੇ ਹੈ। ਇਸ ਦਾ ਕਾਰਨ ਕੀ ਹੈ? ਰੂਸ ਦੀ ਪਵਿੱਤਰ ਭੂਮੀ "ਸਰਬ ਸਾਂਝੀਵਾਲਤਾ" ਦੇ ਲਕਸ਼ ਵਲ ਵਧ ਰਹੀ ਹੈ। ਰੂਸ ਵਿਚ ਵੀ ਮਜ਼੍ਹਬ ਹਨ। ਪਰ ਰੂਸੀ ਕੇਵਲ ਰੂਸੀ ਹਨ। ਜਾਂ ਉਹ ਮਿਹਨਤ ਕਰਨ ਵਾਲੇ ਮਿਹਨਤਕਸ਼ ਇਨਸਾਨ ਹਨ। ਉਹਨਾਂ ਦਾ ਹੀ ਰਾਜ ਹੈ—ਮਿਹਨਤਕਸ਼ ਇਨਸਾਨਾਂ ਦਾ। ਮਤਲਬ ਹੈ, ਰੂਸ ਨੇ ਆਪਣਾ ਮੂਲ ਪਛਾਣਿਆ ਹੋਇਆ ਹੈ।

ਇੰਗਲੈਂਡ ਅਤੇ ਭਾਰਤ ਵਿਚ ਇਕ ਗਲੋਂ ਮਿਲਦੀ ਜੁਲਦੀ ਹਾਲਤ ਵੀ ਕਹਿ ਸਕਦੇ ਹਾਂ। ਦੋਹਾਂ ਦਾ ਹੀ ਅਰਥਚਾਰਾ ਪੂੰਜੀਵਾਦੀ ਢੰਗ ਦਾ ਹੈ। ਇੰਗਲੈਂਡ ਉੱਨਤ ਦੇਸ਼ ਹੈ, ਹਿੰਦੋਸਤਾਨ ਉੱਨਤੀਸ਼ੀਲ। ਦੋਹਾਂ ਵਿਚ ਕੁਝ ਫਰਕ ਵੀ ਹੈ। ਹਿੰਦੋਸਤਾਨ ਸੋਸ਼ਲਿਜ਼ਮ ਵਲ ਜਾਣ ਲਈ ਕਹਿ ਰਿਹਾ ਹੈ, ਇੰਗਲੈਂਡ ਅਜੇ ਇਹ ਕਹਿੰਦਾ ਨਹੀਂ। ਠੀਕ ਹੈ, ਇੰਗਲੈਂਡ ਨੇ ਵੀ ਓੜਕ ਇਕ ਦਿਨ ਸੋਸ਼ਲਿਜ਼ਮ ਦੇ ਰਸਤੇ ਉਤੇ ਹੀ ਪੈਣਾ ਹੈ, ਪਰ ਅਜੇ ਉਹ ਖ਼ਾਮੋਸ਼ ਹੈ। ਹਿੰਦੋਸਤਾਨ ਵਿਚ ਸੋਸ਼ਲਿਜ਼ਮ ਕੌਮ ਦਾ ਨਾਅਰਾ ਬਣ ਚੁੱਕਾ ਹੈ। ਇੰਗਲੈਂਡ ਵਿਚ ਇਹ ਹਾਲਤ ਨਹੀਂ।

ਕਦੇ, ਹਿੰਦੋਸਤਾਨ ਵਿਚ, ਸੋਸ਼ਲਿਜ਼ਮ ਕੇਵਲ ਕਮਿਊਨਿਸਟ ਪਾਰਟੀ ਦਾ ਨਾਅਰਾ ਸੀ। ਅੱਜ ਪੂੰਜੀਵਾਦੀ ਹੁਕਮਰਾਨ ਵੀ ਕਹਿ ਰਹੇ ਹਨ ਕਿ ਸੋਸ਼ਲਿਜ਼ਮ ਦੀ ਲੋੜ ਹੈ। ਸਗੋਂ ਅੱਜ ਭਾਰਤ ਦੇ ਵਿਧਾਨ ਵਿਚ ਵੀ ਸੋਸ਼ਲਿਜ਼ਮ ਦਾ ਅੱਖਰ ਪਾਇਆ ਗਿਆ ਹੈ। ਇਸ ਦਾ ਕਾਰਨ ਕੀ ਹੈ? ਭਾਰਤ ਦੀ ਗ਼ਰੀਬ ਜਨਤਾ ਸੋਸ਼ਲਿਜ਼ਮ ਦੀ ਇੱਛਕ ਹੈ। ਭਾਰਤ ਜਿਥੇ ਖੜਾ ਹੈ, ਉਸ ਤੋਂ ਅੱਗੇ ਸੋਸ਼ਲਿਜ਼ਮ ਹੀ ਉਸ ਦੀ ਮੰਜ਼ਲ ਬਣਦਾ ਹੈ।

ਜਾਣਾ ਭਾਵੇਂ ਇੰਗਲੈਂਡ ਨੂੰ ਵੀ ਸੋਸ਼ਲਿਜ਼ਮ ਵਲ ਪੈਣਾ ਹੈ; ਪਰ ਅਜੇ ਇੰਗਲੈਂਡ ਨੇ ਭਾਰਤ ਵਾਂਗੂੰ ਇਸ ਦੀ ਲੋੜ ਮਹਿਸੂਸ ਨਹੀਂ ਕੀਤੀ। ਭਾਰਤ ਵੱਧ ਬੇਚੈਨ ਹੈ। ਇੰਗਲੈਂਡ ਵਿਚ ਬੇਚੈਨੀ ਅਜੇ ਸ਼ੁਰੂ ਹੋਣ ਹੀ ਲਗੀ ਹੈ।

ਭਾਰਤ ਵਿਚ ਮਹਿੰਗਾਈ ਹੈ। ਇੰਗਲੈਂਡ ਵਿਚ ਵੀ ਦਿਨੋਂ ਦਿਨ ਮਹਿੰਗਾਈ ਵਧਦੀ ਜਾਂਦੀ ਹੈ। ਠੀਕ ਹੈ, ਭਾਰਤ ਨਾਲੋਂ ਉਥੇ ਵੇਜਾਂ (wages) ਬਹੁਤੀਆਂ ਹਨ, ਤੇ ਉਥੇ ਲੋਕੀ ਇਸ ਮਹਿੰਗਾਈ ਦਾ ਥੋੜਾ ਬਹੁਤਾ ਟਾਕਰਾ ਕਰ ਸਕਣ ਦੇ ਅਜੇ ਯੋਗ ਹਨ, ਪਰ ਇਹ "ਯੋਗਤਾ" ਦਿਨੋ ਦਿਨ ਹੁਣ ਘੱਟ ਹੁੰਦੀ ਜਾ ਰਹੀ ਹੈ। ਮਿਸਾਲ ਵਜੋਂ, ਕੀਮਤਾਂ ਜੇ ਦਸ ਫ਼ੀ ਸਦੀ ਵਧਦੀਆਂ ਹਨ ਤਾਂ ਵੇਜਾਂ ਇਕ ਜਾਂ ਦੋ ਫ਼ੀ ਸਦੀ, ਜਾਂ ਤਿੰਨ ਜਾਂ ਸਾਢੇ ਤਿੰਨ ਫ਼ੀ ਸਦੀ। ਅਤੇ, ਇਹ ਕੀ ਫ਼ੀ ਸਦੀ ਹੈ! ਮਹਿੰਗਾਈ ਦੇ ਸੂਚਕ ਅੰਕ ਨਾਲ ਹੀ ਜੇਕਰ ਵੇਜਾਂ ਵਧਦੀਆਂ ਜਾਣ ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਸਾਂਵਾਂਪਣ ਹੋ ਸਕਦਾ ਹੈ। ਪਰ ਇਹ ਗੱਲਾਂ ਪੂੰਜੀਵਾਦੀ ਸਿਸਟਮ ਵਿਚ ਅਸੰਭਵ ਹਨ। ਸੂਚਕ ਅੰਕ ਲਾਗੂ ਹੈ, ਪਰ ਇਹ ਬੜੀ ਚਾਲਾਕੀ ਨਾਲ ਤਿਆਰ ਕੀਤਾ ਗਿਆ ਹੁੰਦਾ ਹੈ। ਬਾਜ਼ਾਰ ਵਿਚ ਚੀਜ਼ਾਂ ਦੀਆਂ ਕੀਮਤਾਂ ਘਟਦੀਆਂ ਵਧਦੀਆਂ ਰਹਿੰਦੀਆਂ ਹਨ। ਸੂਚਕ ਅੰਕ ਵਧੀਆਂ ਹੋਈਆਂ ਕੀਮਤਾਂ ਵਲ ਨਹੀਂ ਵੇਖਦਾ, ਘਟਦੀਆਂ ਵਲ ਤੱਕ ਲੈਂਦਾ ਹੈ। ਇਸ ਲਈ ਇਹ ਸੂਚਕ ਅੰਕ ਨਿਰਾ ਬਨਾਉਟੀ ਹੁੰਦਾ ਹੈ। ਅਸਲੀ ਸੂਚਕ ਅੰਕ ਨਾਲ ਹੀ ਮਸਲਾ ਹੱਲ ਹੋ ਸਕਦਾ ਹੈ। ਭਾਰਤ ਵਿਚ ਮੁਲਾਜ਼ਮ ਤਬਕਾ ਇਹੋ ਮੰਗ ਕਰ ਰਿਹਾ ਹੈ ਜੋ ਚਿਰਾਂ ਤੋਂ ਚਲੀ ਆ ਰਹੀ ਹੈ, ਪਰ ਅਜੇ ਤਕ ਮੰਨੀ ਨਹੀਂ ਗਈ। ਇਹੋ ਮੰਗ ਇੰਗਲੈਂਡ ਦਾ ਮੁਲਾਜ਼ਮ ਵੀ ਕਰ ਰਿਹਾ



Namdhari Elibrary NamdhariElibrary@gmail.com

ਹੈ। ਪਰ ਇਹ ਮੰਗ ਮੰਨਣ ਤੋਂ ਇੰਗਲੈਂਡ ਦੀ ਸਰਮਾਇਆ-ਦਾਰੀ ਵੀ ਹਿਚਕਚਾ ਹੀ ਰਹੀ ਹੈ।

ਭਾਰਤ ਇਕ ਗ਼ਰੀਬ ਦੇਸ਼ ਕਰਕੇ ਜਾਣਿਆ ਜਾਂਦਾ ਹੈ, ਇੰਗਲੈਂਡ ਇਕ ਅਮੀਰ ਦੇਸ਼। ਜਿਥੋਂ ਤਕ ਕਿਸੇ ਦੇਸ਼ ਨੂੰ ਕੁਦਰਤ ਵਲੋਂ ਦਿਤੀਆਂ ਗਈਆਂ ਦਾਤਾਂ ਦਾ ਸੰਬੰਧ ਹੈ, ਭਾਰਤ, ਇਹ ਗੱਲ ਸਹੀ ਹੈ, ਇਕ ਅਮੀਰ ਦੇਸ਼ ਹੈ। ਗ਼ਰੀਬ ਭਾਰਤ ਇਸ ਲਈ ਹੈ ਕਿ ਇਸ ਨੂੰ ਅਪਣੇ ਧਨ ਦੌਲਤ ਦੀ ਸਾਂਭ ਸੰਭਾਲ ਦਾ ਪਤਾ ਨਹੀਂ। ਧਰਤੀ, ਪਹਾੜ, ਦਰਿਆ, ਕਾਨਾਂ, ਭਾਰਤ ਕੋਲ ਕੀ ਕੁਝ ਨਹੀਂ ? ਜਿਹੜੇ ਲੋਕੀ ਕਦੇ ਭਾਰਤ ਨੂੰ ਸੋਨੇ ਦੀ ਚਿੜੀ ਕਹਿੰਦੇ ਸਨ, ਉਹ ਸੋ ਫ਼ੀ ਸਦੀ ਠੀਕ ਸਨ। ਇੰਗਲੈਂਡ, ਇਸ ਹਿਸਾਬ ਨਾਲ, ਇਕ ਗ਼ਰੀਬ ਦੇਸ਼ ਹੈ। ਘਟੋ ਘਟ ਭਾਰਤ ਦੇ ਮੁਕਾਬਲੇ ਵਿਚ ਗ਼ਰੀਬ ਹੈ।

ਧਰਤੀ ਸਾਰੇ ਮੁਲਕਾਂ ਦੀ ਹੀ ਨਮਸਕਾਰ ਦੇ ਯੋਗ ਹੈ, ਪਰ ਜਿਹੋ ਜਿਹੀ ਉਪਜਾਊ ਧਰਤੀ ਭਾਰਤ ਨੂੰ ਪਰਾਪਤ ਹੈ, ਉਹੋ ਜਿਹੀ ਇੰਗਲੈਂਡ ਨੂੰ ਨਹੀਂ। ਇੰਗਲੈਂਡ ਆਪਣਾ ਕੌਮੀ ਫਲ ਸੇਬ ਹੀ ਆਖ ਸਕਦਾ ਹੈ। ਪਰ ਜਿੰਨਾ ਸੁਹਣਾ ਤੇ ਮਿੱਠਾ ਸੇਬ ਕੁੱਲੂ ਜਾਂ ਕਸ਼ਮੀਰ ਦਾ ਹੈ, ਏਨਾ ਸੁਹਣਾ ਇੰਗਲੈਂਡ ਦਾ ਨਹੀਂ। ਹਾਲਾਂਕਿ ਅਸੀਂ ਸੇਬ ਨੂੰ ਆਪਣਾ ਕੌਮੀ ਫਲ ਨਹੀਂ ਆਖਦੇ ਹਾਂ।

ਇੰਗਲੈਂਡ ਵਿਚ ਸੇਬ ਵੀ ਕਦੇ ਪੈਦਾ ਨਹੀਂ ਹੁੰਦਾ ਸੀ। ਸੇਬ ਅਤੇ ਨਾਸ਼ਪਾਤੀ ਇੰਗਲੈਂਡ ਵਿਚ ਰੋਮਨ ਅਪਣੇ ਨਾਲ ਲੈ ਕੇ ਆਏ ਸਨ। ਉਹਨਾਂ ਨੇ ਹੀ, ਪਹਿਲੀ ਵਾਰ, ਇੰਗਲੈਂਡ ਦੇ ਜਜ਼ੀਰੇ ਨਾਲ ਇਹਨਾਂ ਦੀ ਜਾਣ ਪਛਾਣ ਕਰਵਾਈ।

ਇੰਗਲੈਂਡ ਦੀ ਨਾਸ਼ਪਾਤੀ ਵਿਚ ਵੀ ਸਾਡੀ ਨਾਸ਼ਪਾਤੀ ਦਾ ਮੁਕਾਬਲਾ ਕਰਨ ਦੀ ਪੁੱਜਤ ਨਹੀਂ। ਸਾਡੀ ਨਾਸ਼ਪਾਤੀ, ਅਤੇ ਨਾਖ ਅਤੇ ਬੱਗੂਗੋਸ਼ਾ ਆਪਣੇ ਵਰਗੇ ਆਪ ਹੀ ਹਨ।

ਅਮਰੂਦ ਆਮ ਜਿਹਾ ਫਲ ਹੈ, ਪਰ ਜਿੰਨੀ ਮਹਿਕ ਇਸ ਵਿਚ ਹੈ, ਕਿਸੇ ਹੀ ਫਲ ਵਿਚ ਹੁੰਦੀ ਹੈ। ਮਹਿਕਾਂ ਸਭ ਵਿਚ ਹੁੰਦੀਆਂ ਹਨ ਤੇ ਸਭੇ ਸੁਹਣੀਆਂ ਹੁੰਦੀਆਂ ਹਨ, ਪਰ ਇਸ ਦੀ ਤਿੱਖੀ ਤੇ ਮਿੱਠੀ ਮਹਿਕ ਬਾਕੀ ਸਭਨਾਂ ਫਲਾਂ ਦੀ ਮਿੱਠੀ ਮਹਿਕ ਉਤੇ ਛਾ ਜਾਂਦੀ ਹੈ।

ਅੰਬ, ਸਾਡਾ ਕੌਮੀ ਫਲ, ਜਾਪਦਾ ਹੈ, ਸਾਡੀ ਭਾਰਤ-ਭੂਮੀ ਦੀ ਹੀ ਉਪਜ ਹੈ। ਰਸ, ਰੰਗ, ਗੰਧ, ਮਿਠਾਸ, ਸਾਡੀ ਧਰਤੀ ਕਿੰਨਾ ਕੁਝ ਇਸ ਅੰਬ ਵਿਚ ਭਰ ਦਿੰਦੀ ਹੈ।

ਪਹਾੜ ਜਿੰਨੇ ਉਚੇ ਅਤੇ ਸ਼ਾਨਾਂ ਮੱਤੇ ਸਾਡੇ ਹਨ, ਇੰਗਲੈਂਡ ਦੇ ਉੱਕਾ ਨਹੀਂ ਹਨ। ਇੰਗਲੈਂਡ ਕੋਲ ਸਮੁੰਦਰ ਹੈ, ਪਰ ਉਹ ਸਾਡੇ ਕੋਲ ਵੀ ਹੈ। ਧਰਤੀ, ਪਹਾੜ, ਦਰਿਆ ਅਤੇ ਹੋਰ ਸੋਮੇ ਸਾਡੇ ਕੋਲ ਵਧੇਰੇ ਹਨ। ਇਸ ਲਈ ਅਸੀਂ ਇੰਗਲੈਂਡ ਨਾਲੋਂ ਇਕ ਅਮੀਰ ਮੁਲਕ ਹਾਂ। ਗ਼ਰੀਬ ਕੇਵਲ ਇਸ ਲਈ ਹਾਂ ਕਿ ਸਾਡਾ ਸਿਸਟਮ ਠੀਕ ਨਹੀਂ। ਜਦੋਂ ਸਿਸਟਮ ਠੀਕ ਹੋਇਆ, ਭਾਰਤ ਇਕ ਅਮੀਰ ਅਤੇ ਖ਼ੁਸ਼ਹਾਲ ਦੇਸ਼ ਬਣ ਜਾਵੇਗਾ।

ਇੰਗਲੈਂਡ ਵਿਚ ਮੇਰੀ ਅਖ ਆਮ ਅੰਗ੍ਰੇਜ਼ ਨੂੰ ਦੇਖਣ ਸਮਝਣ ਵਲ ਵੀ ਲੱਗੀ ਰਹੀ ਹੈ। ਆਮ ਅੰਗ੍ਰੇਜ਼ ਸਾਡੇ ਵਾਂਗੂੰ ਮਿਹਨਤਕਸ਼ ਇਨਸਾਨ ਹੀ ਹੈ। ਉਹੀਓ ਉਸ ਦੇ ਜਜ਼ਬੇ ਤੇ ਉਹੀਓ ਹੀ ਉਦਗਾਰਾਂ ਹਨ। ਜੇ ਕੋਈ ਕਿਧਰੇ ਫ਼ਰਕ ਹੈ ਤਾਂ ਇਸ ਦਾ ਕਾਰਨ ਕਿਸੇ ਕੌਮ ਦਾ ਆਪਣਾ ਖ਼ਾਸ ਸੁਭਾਓ ਜਾਂ ਰਹਿਣ ਸਹਿਣ ਦਾ ਢੰਗ ਹੀ ਹੈ। ਨਹੀਂ ਤਾਂ ਲਗ ਭਗ ਮੁਢਲੇ ਜਜ਼ਬੇ ਹਰ ਇਨਸਾਨ ਦੇ ਇਕੋ ਹਨ।

ਭਾਰਤ ਵਿਚ ਜਦ ਵੀ ਕਦੇ ਦੋ ਅੰਗਰੇਜ਼ ਤੁਰਦੇ ਸਨ, ਕਦਮ ਮਿਲਾ ਕੇ ਤੁਰਦੇ ਸਨ। ਅੰਗ੍ਰੇਜ਼ ਮਰਦ ਤੇ ਔਰਤ ਵੀ ਤੇ ਦੋ ਅੰਗ੍ਰੇਜ਼ ਔਰਤਾਂ ਵੀ। ਏਥੋਂ ਤਕ ਕਿ ਚਾਰ ਅੰਗ੍ਰੇਜ਼ ਵੀ ਕਦਮ ਮਿਲਾ ਕੇ ਤੁਰਦੇ ਸਨ। ਪਰ, ਇੰਗਲੈਂਡ ਵਿਚ ਆਮ ਅੰਗਰੇਜ਼ ਉਸੇ ਤਰ੍ਹਾਂ ਹੀ ਤੁਰਦਾ ਹੈ, ਜਿਵੇਂ ਅਸੀਂ ਭਾਰਤ ਵਿਚ। ਸ਼ਾਇਦ ਕਾਰਨ ਇਹ ਸੀ ਕਿ ਜੋ ਅੰਗਰੇਜ਼ ਭਾਰਤ ਉਤੇ ਰਾਜ ਕਰਨ ਲਈ ਆਇਆ ਸੀ, ਉਸ ਲਈ ਇਹ ਜ਼ਰੂਰੀ ਸੀ। ਇਹ ਫ਼ੌਜੀ ਤੌਰ-ਤਰੀਕਾ ਸੀ। ਉਸ ਨੇ ਆਪਣੀ ਤਾਕਤ ਦਾ ਵਿਖਾਵਾ ਕਰਨਾ ਹੁੰਦਾ ਸੀ ਤੇ ਇਹ ਵਿਖਾਵਾਂ ਬੱਝੀ ਹੋਈ ਮਰਿਆਦਾ ਨਾਲ ਹੀ ਸੰਭਵ ਸੀ। ਇੰਗਲੈਂਡ ਵਿਚ, ਅੰਗਰੇਜ਼ ਨੂੰ, ਸਪਸ਼ਟ ਹੈ, ਅਜਿਹੇ ਕਿਸੇ ਵਿਖਾਵੇ



Namdhari Elibrary NamdhariElibrary@gmail com

ਦੀ ਲੋੜ ਹੀ ਨਹੀਂ ਸੀ। ਭਾਰਤ ਉਤੇ ਹੁਕਮਰਾਨੀ ਦੇ ਰੋਅਬ ਦੀ ਜ਼ਰੂਰਤ ਸੀ।

ਅਸੀਂ, ਭਾਰਤੀ, ਬਹੁਤ ਵਾਰ, ਬੱਸਾਂ ਅਤੇ ਰੇਲ ਗੱਡੀਆਂ ਨੱਸ ਨੱਸ ਕੇ ਫੜਦੇ ਹਾਂ। ਇੰਗਲੈਂਡ ਵਿਚ ਵੀ ਆਮ ਅੰਗਰੇਜ਼ ਇਸੇ ਤਰ੍ਹਾਂ ਹੀ ਕਰਦਾ ਹੈ। ਨੌਜਵਾਨ ਮੁੰਡੇ ਕੁੜੀਆਂ ਦੂਰੋਂ ਨੱਸ ਆਉਂਦੇ ਤੇ ਬੱਸ ਨੂੰ ਹੱਥ ਵੀ ਦਿੰਦੇ ਹਨ। ਭਾਰਤ ਵਿਚ ਜੋ ਕੁਝ ਵੀ ਅੰਗਰੇਜ਼ ਕਰਦੇ ਨਹੀਂ ਸਨ ਹੁੰਦੇ, ਉਹ ਇੰਗਲੈਂਡ ਵਿਚ ਕਰਦੇ ਹਨ। ਅਸਲ ਵਿਚ ਜੋ ਅੰਗਰੇਜ਼ ਸਾਡਾ ਹਾਕਮ ਹੁੰਦਾ ਸੀ, ਉਹ ਅੰਗਰੇਜ਼ ਹੋਰ ਸੀ। ਉਹ ਸ਼ਾਹੀ ਖ਼ਾਨਦਾਨਾਂ ਦੇ ਡਿਊਕ ਅਤੇ ਪ੍ਰਿੰਸ ਸਨ ਤੇ ਵੱਡੇ ਵੱਡੇ ਲਾਰਡ ਸਨ। ਇਹ ਅੰਗਰੇਜ਼ ਆਪਣੇ ਮੁਲਕ ਇੰਗਲੈਂਡ ਦੀ ਆਮ ਜਨਤਾ ਹੈ।

ਇੰਗਲੈਂਡ ਦੀ ਸਫ਼ਾਈ ਬਾਰੇ ਮੈਂ ਬਹੁਤ ਕੁਝ ਪੜ੍ਹਦਾ ਹੁੰਦਾ ਸਾਂ। ਇੰਗਲੈਂਡ ਬਹੁਤ ਸਾਫ਼ ਹੈ, ਪਰ ਇਹ ਨਹੀਂ ਕਿ ਕਿਤੇ ਕੋਈ ਚੀਜ਼ ਉੱਕਾ ਖਿਲਰੀ ਹੋਈ ਹੀ ਨਹੀਂ। ਕਈ ਥਾਈਂ ਮੈਂ ਸਾਡੇ ਵਾਂਗ ਹੀ ਕਾਗਜ਼ ਖਿਲਰੇ ਤੱਕੇ ਹਨ। ਹਾਂ, ਇੰਗਲੈਂਡ ਭਾਰਤ ਦੇ ਮੁਕਾਬਲੇ ਵਿਚ ਸਾਫ਼ ਹੈ ਤੇ ਬਹੁਤ ਹੱਦ ਤਕ ਸਾਫ਼ ਹੈ। ਉਂਜ ਜਿਹੜੀਆਂ ਥਾਵਾਂ ਇੰਗਲੈਂਡ ਵਿਚ ਵੀ ਗੰਦੀਆਂ ਹਨ, ਉਹ ਕਾਫ਼ੀ ਗੰਦੀਆਂ ਹੁੰਦੀਆਂ ਹਨ। ਜਿਵੇਂ ਉਹਨਾਂ ਨੂੰ ਜਾਣ ਬੁੱਝ ਕੇ ਉਵੇਂ ਹੀ ਰਖਿਆ ਹੁੰਦਾ ਹੈ।

ਅਸੀਂ ਲੋਕ ਥੁੱਕਣ ਵੇਲੇ ਥਾਂ ਕੁਥਾਂ ਨਹੀਂ ਵੇਖਦੇ। ਗਲੀਆਂ, ਬਾਜ਼ਾਰਾਂ ਤੇ ਹੋਰ ਸਰਬਜਨਕ ਥਾਵਾਂ, ਜਿਥੇ ਵੀ ਦਿਲ ਚਾਹੁੰਦਾ ਹੈ, ਥੁੱਕਦੇ ਚਲੇ ਜਾਂਦੇ ਹਾਂ। ਅੰਗਰੇਜ਼ ਦੀ ਇਹ ਆਦਤ ਨਹੀਂ। ਤਾਂ ਵੀ, ਇਹ ਵੀ ਗੱਲ ਨਹੀਂ ਕਿ ਸਹੁੰ ਖਾਧੀ ਜਾ ਸਕਦੀ ਹੋਵੇ। ਦੋ ਕਿ ਤਿੰਨ ਅੰਗਰੇਜ਼ਾਂ ਨੂੰ ਮੈਂ ਸਰਬਜਨਕ ਥਾਵਾਂ ਉਤੇ ਥੁੱਕਦੇ ਦੇਖ ਸਕਿਆ ਹਾਂ। ਇਹ ਨਹੀਂ ਕਿ ਚੋਰੀ ਜਿਹੇ ਕਿਸੇ ਵਾੜ ਜਾਂ ਝਾੜੀ ਵਿਚ, ਗਲੀਆਂ ਅਤੇ ਬਾਜ਼ਾਰਾਂ ਵਿਚ। ਇਕ ਬੁੱਢੀ ਮੇਮ ਸੀ ਜੋ ਆਪਣੇ ਘਰੋਂ ਬਾਹਰ ਜਿਵੇਂ ਥੁੱਕਣ ਲਈ ਹੀ ਆਈ ਸੀ। ਇਹ ਗੱਲ ਇਕ ਟਾਊਨ ਸਟੋਕ-ਆਨ ਟਰੈਂਟ ਦੀ ਹੈ। ਅਸੀਂ ਪੰਜ ਕਿ ਸੱਤ ਜਣੇ ਸਵੇਰੇ ਦਸ ਕੁ ਵਜੇ ਇਕ ਸਟਰੀਟ ਵਿਚ ਖਲੋਤੇ ਸਾਂ ਤੇ ਫੋਟੋਆਂ ਆਦਿ ਲੈ ਰਹੇ ਸਾਂ। ਇਕ ਬੁੱਢੀ ਮੇਮ ਸਾਡੇ ਸਾਂਹਮਣੇ ਵਾਲੀ ਪਾਲ ਵਿਚੋਂ ਘਰੋਂ ਬਾਹਰ ਆਈ ਤੇ ਪਟੜੀ ਉਤੋਂ ਮਲਕੜੇ ਜਿਹੇ ਸੜਕ ਵਿਚ ਨੂੰ ਥੁੱਕ ਗਈ। ਜਿਵੇਂ ਉਸ ਨੂੰ ਇਹ ਗੱਲ ਕੋਈ ਬਹੁਤੀ ਬੁਰੀ ਨਾ ਜਾਪੀ ਹੋਵੇ। ਇਸੇ ਤਰ੍ਹਾਂ ਮੈਂ ਦੋ ਅੰਗ੍ਰੇਜ਼ ਕਾਵੈਂਟਰੀ ਥੁੱਕਦੇ ਵੇਖੇ ਸਨ। ਇਹ ਅਧਖੜ ਉਮਰਾਂ ਵਾਲੇ ਸਨ।

ਅੰਗ੍ਰੇਜ਼ ਬੜੀ ਬਾ-ਸ਼ਊਰ ਤੇ ਸੋਝੀ ਵਾਲੀ ਕੌਮ ਹੈ। ਪਰ ਜਿਥੋਂ ਤੀਕਰ ਰਾਜਨੀਤਕ ਸੋਝੀ ਦਾ ਸਵਾਲ ਹੈ, ਆਮ ਅੰਗ੍ਰੇਜ਼ ਸਾਡੇ ਆਮ ਭਾਰਤੀ ਨਾਲੋਂ ਪਿਛੇ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਸੌ ਜਾਂ ਦੋ ਸੌ ਸਾਲ ਅੰਗ੍ਰੇਜ਼ੀ ਸਾਮਰਾਜ ਨਾਲ ਸੰਗਰਾਮ ਕਰਦੇ ਰਹੇ ਹਾਂ ਤੇ ਘੋਲਾਂ ਦੀ ਇਸ ਅਗਨੀ ਵਿਚੋਂ ਤਪ ਕੇ ਕੁੰਦਨ ਬਣੇ ਹਾਂ। ਭਾਰਤ ਵਿਚ ਕਮਿਊਨਿਸਟ ਪਾਰਟੀ ਕਾਫ਼ੀ ਤਕੜੀ ਹੈ ਜੋ ਗਿਣਤੀ ਵਿਚ ਆ ਰਹੀ ਹੈ। ਇੰਗਲੈਂਡ ਵਿਚ ਪਰ ਕਮਿਊਨਿਸਟ ਪਾਰਟੀ ਬਹੁਤ ਕਮਜ਼ੋਰ ਹੈ। ਇਹ ਵੀ ਇਕ ਪੈਮਾਨਾ ਹੈ ਜੋ ਕਿਸੇ ਦੇਸ਼ ਦੀ ਰਾਜਨੀਤਕ ਸੂਝ ਦਾ ਮਾਪ ਦੇ ਸਕਦਾ ਹੈ।

ਸਵਾਲ ਪੈਦਾ ਹੋਇਆ ਕਿ ਕੀ ਇੰਗਲੈਂਡ ਸਾਂਝੀ ਮੰਡੀ ਵਿਚ ਸ਼ਾਮਿਲ ਹੋਵੇ ਜਾਂ ਬਾਹਰ ਰਹੇ? ਆਮ ਅੰਗ੍ਰੇਜ਼ ਨੇ ਸਾਂਝੀ ਮੰਡੀ ਵਿਚ ਸ਼ਾਮਿਲ ਹੋਣ ਲਈ ਆਖਿਆ। ਇੰਗਲੈਂਡ ਦੀ ਕਮਿਊਨਿਸਟ ਪਾਰਟੀ ਨੇ "ਨਾਂਹ" ਲਈ ਆਪਣੀ ਰਾਏ ਦਿਤੀ। ਹਾਕਮ ਲੇਬਰ ਪਾਰਟੀ ਵਿਚ ਵੀ ਦੋ ਰਾਵਾਂ ਹੋ ਗਈਆਂ ਸਨ। ਤਾਂ ਵੀ ਜਿੱਤ "ਹਾਂ" ਦੀ ਹੋਈ। ਇੰਗਲੈਂਡ ਯੂਰਪ ਨਹੀਂ ਹੈ, ਪਰ ਆਮ ਅੰਗ੍ਰੇਜ਼ ਆਪਣੇ ਆਪ ਨੂੰ ਯੂਰਪੀਨ ਜਾਂ ਯੂਰਪ ਦੇ ਹੀ ਬਹੁਤਾ ਨੇੜੇ ਗਿਣਦਾ ਹੈ। ਕਿਉਂਕਿ ਕਲਚਰ ਇਕੋ ਹੈ। ਇਹ ਜਜ਼ਬਾਤੀ ਪਹੁੰਚ ਹੈ। ਹਾਲਾਂਕਿ ਇੰਗਲੈਂਡ ਦਾ ਭਲਾ ਸਾਂਝੀ ਮੰਡੀ ਦੀ ਲੁੱਟ ਖਸੁੱਟ ਤੋਂ ਬਾਹਰ ਰਹਿਣ ਵਿਚ ਬਹੁਤਾ ਸੀ।

ਇੰਗਲੈਂਡ ਵਿਚ ਹਰ ਟਾਊਨ ਦਾ ਆਪਣਾ ਪਰਚਾ ਹੁੰਦਾ ਹੈ ਜਿਸ ਦੀ ਗਿਣਤੀ ਅੱਸੀ ਹਜ਼ਾਰ ਜਾਂ ਨੱਵੇ ਹਜ਼ਾਰ ਤਕ ਹੁੰਦੀ ਹੈ ਤੇ ਕਿਸੇ ਕਿਸੇ ਦੀ ਲੱਖ ਦੀ ਵੀ। ਇਹ ਅਖ਼ਬਾਰ ਕੇਵਲ ਆਪਣੇ ਸ਼ਹਿਰ ਲਈ ਹੀ ਹੁੰਦੇ ਹਨ। ਪਰ "ਮਾਰਨਿੰਗ ਸਟਾਰ" ਜੋ ਕਮਿਊਨਿਸਟ ਪਾਰਟੀ ਦਾ ਕੌਮੀ



Namdhari Elibrary NamdhariElibrary@gmail.com

ਪੱਧਰ ਦਾ ਪਰਚਾ ਹੈ, ਬੜਾ ਹੀ ਥੋੜਾ ਛਪਦਾ ਹੈ ਤੇ ਕੋਈ ਕੋਈ ਹੀ ਸੂਝ ਵਾਲਾ ਇਸ ਦਾ ਪਾਠਕ ਹੁੰਦਾ ਹੈ। ਪਾਰਟੀ ਕੋਟੇ ਲਾਉਂਦੀ ਹੈ, ਪਰ ਆਮ ਅੰਗ੍ਰੇਜ਼ ਫ਼ੌਰਨ ਉਸਨੂੰ "ਕੂੜਾ" (Rubbish) ਆਖ ਦਿੰਦਾ ਤੇ ਲੈਣ ਤੋਂ ਨਾਂਹ ਕਰ ਦਿੰਦਾ ਹੈ। ਇਹ ਅਖ਼ਬਾਰ ਉਸ ਨੂੰ ਬਿਲਕੁਲ ਰੁੱਖਾ ਨਜ਼ਰ ਆਉਂਦਾ ਹੈ। ਹਾਲਾਂਕਿ ਉਹ ਆਮ ਅੰਗ੍ਰੇਜ਼ ਲਈ ਰੋਜ਼ ਸੰਗਰਾਮ ਕਰਦਾ ਹੈ।

ਅਜੇ, ਇਹ ਸਚ ਈ ਹੈ, ਆਮ ਅੰਗ੍ਰੇਜ਼ ਟੋਰੀਆਂ, ਲੇਬਰਾਂ, ਲਿਬਰਲਾਂ ਜਾਂ ਨਸਲਵਾਦੀ ਪਾਗਲਾਂ ਦੀ ਗੱਲ ਹੀ ਬਹੁਤੀ ਸੁਣਦਾ ਹੈ। ਕਮਿਊਨਿਸਟ ਪਾਰਟੀ ਦੀ ਅਜੇ ਗੱਲ ਨਹੀਂ ਸੁਣੀ ਜਾਂਦੀ। ਹਾਂ, ਸੁਣਨੀ ਪਵੇਗੀ। ਇੰਗਲੈਂਡ ਵਿਚ ਜਿਉਂ ਜਿਉਂ ਆਰਥਕ ਸੰਕਟ ਗਹਿਰਾ ਹੋਵੇਗਾ, ਤਿਉਂ ਤਿਉਂ ਕਮਿਊਨਿਸਟ ਪਾਰਟੀ ਦੀ ਗੱਲ ਵੀ ਸੁਣਨੀ ਪਵੇਗੀ। ਸੰਕਟ ਗਹਿਰਾ ਹੋ ਰਿਹਾ ਹੈ। ਦਿਨੋ ਦਿਨ ਖ਼ੁਰਾਕ ਅਤੇ ਨਿਤ ਜੀਵਨ ਦੀਆਂ ਹੋਰ ਚੀਜ਼ਾਂ ਦੀਆਂ ਕੀਮਤਾਂ ਵਧ ਰਹੀਆਂ ਹਨ ਤੇ ਪੌਂਡ ਡਿਗਦਾ ਜਾਂਦਾ ਹੈ। ਇੰਗਲੈਂਡ, ਜਿਹੜਾ ਆਪਣੇ ਆਪ ਨੂੰ ਬਹੁਤ ਸਿਆਣਾ ਗਿਣਦਾ ਹੈ, ਦੀਵਾਲਾ ਕਿੱਢਣ ਵਾਲਾ ਹੈ। ਆਖ਼ਿਰ ਕਿਹੜਾ ਰਾਵਣ ਹੈ ਜੋ ਸਦਾ ਸਦਾ ਲਈ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹ ਸਕਿਆ ਹੈ ? ਸਮਾਂ ਬੜਾ ਬਲਵਾਨ ਹੈ।

ਉਂਜ ਇੰਗਲੈਂਡ ਦੀ ਕਮਿਊਨਿਸਟ ਪਾਰਟੀ ਬੜੀ ਸਿਆਣੀ ਹੈ। ਉਸ ਦੇ ਰਾਜਨੀਤਕ ਨਿਰਣੇ ਸਹੀ ਤੇ ਰੋਸ਼ਨ ਹੁੰਦੇ ਹਨ। ਸੇਧ ਵੀ ਸਹੀ ਹੁੰਦੀ ਹੈ। ਜੇ ਅਜੇ ਕਮਜ਼ੋਰ ਹੈ ਤਾਂ ਇਸ ਦੇ ਕਾਰਨ ਹੋਰ ਹਨ।

ਇੰਗਲੈਂਡ ਦੀ ਸਰਮਾਇਆਦਾਰੀ ਕਾਫ਼ੀ ਚੁਸਤ ਚਾਲਾਕ ਹੈ। ਇਹ ਉਹ ਸਰਮਾਇਆਦਾਰੀ ਹੈ ਜਿਸ ਨੇ ਅੱਧੀ ਦੁਨੀਆਂ ਉਤੇ ਰਾਜ ਕਮਾਇਆ ਹੋਇਆ ਹੈ। ਰਾਜ ਵੀ ਅਜਿਹਾ ਸੀ ਜਿਸ ਦਾ ਸੂਰਜ, ਕਹਿੰਦੇ ਸਨ, ਕਦੇ ਗ਼ਰੂਬ ਹੋਣਾ ਹੀ ਨਹੀਂ। ਇਹ ਸਰਮਾਇਆਦਾਰੀ ਓੜਕ ਸਾਮਰਾਜ ਬਣ ਚੁੱਕੀ ਸੀ ਤੇ ਇਸ ਦੇ ਸਾਮਰਾਜ ਦੇ ਜਲਵੇ ਕੁਲ ਸੰਸਾਰ ਨੇ ਦੇਖੇ ਹਨ। ਇਸ ਲਈ, ਇਹ ਇਸ ਢੰਗ ਸੀ ਕਿ ਆਪਣੇ ਲੋਕਾਂ ਨੂੰ ਕਾਫ਼ੀ ਚਿਰ ਤਕ ਟਾਲ ਟਾਲ ਕੇ ਰਖ ਸਕੇ ਤੇ ਉਹਨਾਂ ਦਾ ਮਤਲਬ ਸਾਰਦੀ ਰਹੇ ਤੇ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਪੈਦਾ ਹੋਣ ਦਾ ਮੌਕਾ ਨਾ ਦੇਵੇ। ਪਰ ਇਹ ਕਦ ਤਕ ਹੋਵੇਗਾ ?

ਮੇਰੇ ਉਥੇ ਹੁੰਦਿਆਂ ਹੀ ਇੰਗਲੈਂਡ ਵਿਚ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਗਈਆਂ ਸਨ ਤੇ ਅਜੇ ਹੋਰ ਵਧ ਰਹੀਆਂ ਹਨ। ਜੋ ਕੀਮਤਾਂ 16 ਜੂਨ, 74 ਨੂੰ ਇੰਗਲੈਂਡ ਵਿਚ ਸਨ, 15 ਜੂਨ, 75 ਨੂੰ ਉਹ ਕਿਤੇ ਵੱਧ ਹੋ ਗਈਆਂ ਸਨ। ਖ਼ਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਬਹੁਤ ਵੱਧ ਰਹੀਆਂ ਹਨ। ਖੰਡ, ਮੱਖਣ, ਦੁੱਧ, ਅੰਡੇ, ਸਬਜ਼ੀਆਂ, ਗੋਸ਼ਤ, ਬੀਅਰ ਸ਼ਰਾਬ, ਸਭ ਕੁਝ ਵਧਦਾ ਜਾਂਦਾ ਹੈ। ਔਰਤਾਂ ਜਦੋਂ ਸ਼ਾਪਿੰਗ ਕਰ ਕੇ ਵਾਪਸ ਘਰ ਵਲ ਆਉਂਦੀਆਂ ਹਨ ਤਾਂ ਖਿਝੀਆਂ ਹੋਈਆਂ ਹੁੰਦੀਆਂ ਹਨ। ਦਾਲਾਂ ਬਹੁਤ ਮਹਿੰਗੀਆਂ ਹਨ। ਫਲ ਵੀ ਬਹੁਤ ਮਹਿੰਗੇ ਹਨ। ਗੱਲ ਕੀ, ਸਭ ਕੁਝ ਮਹਿੰਗਾ ਹੈ। ਹੋਰ ਤਾਂ ਹੋਰ, ਡਾਕ-ਟਿਕਟ ਵੀ ਬਹੁਤ ਮਹਿੰਗੇ ਹੋ ਗਏ ਹਨ। ਜਿਸ ਏਅਰ ਲੈਟਰ ਦੀ ਕੀਮਤ ਪਹਿਲਾਂ ਛੇ ਪੈਨਸ ਹੀ ਸੀ, ਹੁਣ ਉਹ ਸਾਢੇ ਦਸ ਦਾ ਹੈ। ਕਦੇ ਪੰਜ ਪੈਨਸ ਵੀ ਸੀ ਸ਼ਾਇਦ ਕਦੇ ਪੰਜ ਪੈਨਸ ਤੋਂ ਘੱਟ ਵੀ ਹੁੰਦੀ ਹੋਵੇਗੀ।

ਇਸੇ ਤਰ੍ਹਾਂ ਹੀ ਬੀਅਰ ਹੈ। ਕਹਿੰਦੇ ਹਨ, ਜਦੋਂ ਪੌਂਡ ਵਿਚ 240 ਪੈਨਸ ਸਨ, ਉਦੋਂ ਬੀਅਰ ਦਾ ਇਕ ਗਲਾਸ (Pint) ਪੰਜ ਪੈਨਸ ਨੂੰ ਮਿਲਦਾ ਸੀ। ਅੱਜ 240 ਦੀ ਥਾਂ ਪੌਂਡ ਵਿਚ ਸੌ ਪੈਨਸ ਹਨ ਤੇ ਬੀਅਰ ਦੇ ਗਲਾਸ ਦੀ ਕੀਮਤ ਪੰਦਰਾਂ, ਅਠਾਰਾਂ, ਪੱਚੀ ਜਾਂ ਤੀਹ ਪੈਨਸ, ਤੇ ਸਗੋਂ ਇਸ ਤੋਂ ਵੱਧ ਵੀ ਹੈ — ਜਿਹੋ ਜਿਹੀ ਕੋਈ ਬੀਅਰ ਜਾਂ ਪੱਬ ਦਾ ਵਾਯੂ ਮੰਡਲ ਹੋਵੇ। ਕੀ ਇੰਗਲੈਂਡ ਦੇ ਪੈਰਾਂ ਹੇਠਾਂ ਕੋਈ ਠੋਸ ਬੁਨਿਆਦ ਹੈ ? ਹਿਸਾਬ ਲਾਓ ਇੰਗਲੈਂਡ ਦੀ ਕਮਾਈ ਅਤੇ ਖ਼ਰਚ ਦਾ ! ਅਤੇ ਇੰਗਲੈਂਡ ਤੋਂ ਮੇਰਾ ਮਤਲਬ ਮਿਹਨਤਕਸ਼ ਇੰਗਲੈਂਡ ਹੈ, ਇੰਗਲੈਂਡ ਦੇ "ਟਾਟੇ ਬਿਰਲੇ" ਨਹੀਂ।

ਇੰਗਲੈਂਡ ਵਿਚ ਕਈ ਇਕ ਗੱਲਾਂ ਨਿਰਸੰਦੇਹ ਚੰਗੀਆਂ ਹਨ। ਜਿਵੇਂ ਬੇਰੁਜ਼ਗਾਰਾਂ ਨੂੰ ਇੰਗਲੈਂਡ ਵਿਚ



Namdhari Elibrary NamdhariElibrary@gmail.com

ਬੇਰੁਜ਼ਗਾਰੀ ਦਾ ਭੱਤਾ ਦਿਤਾ ਜਾਂਦਾ ਹੈ; ਬੁੱਢੇ ਮਰਦਾਂ ਔਰਤਾਂ ਨੂੰ ਪੈਨਸ਼ਨ ਦਿਤੀ ਜਾਂਦੀ ਹੈ; ਛੋਟੀ ਉਮਰ ਦੇ ਬੱਚਿਆਂ ਨੂੰ ਵੀ ਕੁਝ ਮੁਆਵਜ਼ਾ ਮਿਲਦਾ ਹੈ; ਭਾਵੇਂ ਹੁੰਦਾ ਘੱਟ ਹੀ ਹੈ, ਪਰ ਫੇਰ ਵੀ ਕਾਫੀ ਮਦਦ ਹੈ। ਪਰ ਇੰਗਲੈਂਡ ਇਹ ਸਹੂਲਤਾਂ ਕਦ ਤਕ ਦਿੰਦਾ ਰਹੇਗਾ? ਅਤੇ ਇਹ ਸਹੂਲਤਾਂ ਵੀ ਦਿੰਦਾ ਆਖਰ ਕਿਥੋਂ ਹੈ? ਇੰਗਲੈਂਡ ਦੇ ਖ਼ਜ਼ਾਨਿਆਂ ਵਿਚ ਜਿੰਨੀ ਦੌਲਤ ਪਈ ਹੈ ਉਹ ਸਾਰੀ ਸਾਡੇ ਹਿੰਦੋਸਤਾਨ ਜਾਂ ਸਾਡੇ ਵਰਗੇ ਹੋਰਾਂ ਦੇਸ਼ਾਂ ਦੀ ਲੁੱਟ ਨਾਲ ਜਮ੍ਹਾਂ ਹੋਈ ਹੈ। ਲਗ ਭਗ ਅੱਧੀ ਦੁਨੀਆਂ ਨੂੰ ਇੰਗਲੈਂਡ ਲੁੱਟਦਾ ਰਿਹਾ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਉਹ ਅਜੇ ਵੀ ਲੁੱਟ ਕਰ ਰਿਹਾ ਹੈ। ਪਰ ਦਿਨੋਂ ਦਿਨ ਹੁਣ ਇਸ ਲੁੱਟ ਦਾ ਖ਼ਾਤਮਾ ਹੁੰਦਾ ਜਾਂਦਾ ਹੈ ਤੇ ਹੁਣ ਉਹ ਮਾਂ ਮਰ ਰਹੀ ਹੈ ਜੋ ਦਹੀਂ ਨਾਲ ਟੁੱਕਰ ਦਿੰਦੀ ਸੀ। ਇਸ ਮਾਂ ਦਾ ਆਖਰੀ ਸੁਆਸ ਜਦ ਵੀ ਪੂਰਾ ਹੁੰਦਾ ਹੈ, ਉਦੋਂ ਹੀ ਇੰਗਲੈਂਡ ਨੂੰ ਹੱਥਾਂ ਪੈਰਾਂ ਦੀ ਪੈ ਜਾਣੀ ਹੈ —ਸਾਮਰਾਜੀ ਇੰਗਲੈਂਡ ਨੂੰ। ਅਜੇ ਵੀ ਇੰਗਲੈਂਡ ਨੂੰ ਦੁਨੀਆਂ ਕੱਚਾ ਮਾਲ ਦੇ ਰਹੀ ਹੈ ਤੇ ਪੱਕਾ ਉਸ ਤੋਂ ਲੈਂਦੀ ਹੈ ਤੇ ਇਸ ਲੈਣ ਤੇ ਦੇਣ ਵਿਚ ਬਰਾਬਰਤਾ ਦੀ ਪੱਧਰ ਨਹੀਂ, ਉਚ ਨੀਚ ਤੇ ਲੁੱਟ ਖਸੁੱਟ ਦੀ ਬੜੀ ਕੁਸਾਵੀਂ ਪੱਧਰ ਹੈ। ਜਦੋਂ ਸਾਡੇ ਵਰਗੇ ਦੇਸ਼— ਜਿਹਨਾਂ ਨੂੰ ਇੰਗਲੈਂਡ ਲੰਮੇ ਸਮੇਂ ਤੋਂ ਲੁੱਟਦਾ ਰਿਹਾ ਹੈ ਤੇ ਹੁਣ ਵੀ ਲੁੱਟ ਕਰ ਰਿਹਾ ਹੈ ਸਮਾਜਵਾਦੀ ਦੇਸ਼ਾਂ ਦੀ ਸਹਾਇਤਾ ਅਤੇ ਮਿਲਵਰਤਣ ਨਾਲ, ਆਪਣੀ ਭਾਰੀ ਸਨਅਤ ਲਾ ਕੇ, ਆਪਣੀ ਸਾਰੀ ਖੇਤੀ ਬਾੜੀ ਨੂੰ ਨਵੀਆਂ ਲੀਹਾਂ ਉਤੇ ਪਾ ਕੇ, ਆਪਣੀ ਸਨਅਤ ਵਿਕਸਿਤ ਕਰ ਕੇ, ਖ਼ੁਦ-ਕਫੀਲ ਹੋ ਜਾਂਦੇ ਹਨ ਜਾਂ ਕਦੇ ਨਾ ਕਦੇ ਸਮਾਜਵਾਦ ਵਲ ਆਪਣਾ ਰੁਖ਼ ਕਰ ਲੈਂਦੇ ਹਨ ਤਾਂ ਕੀ ਇੰਗਲੈਂਡ ਫੇਰ ਵੀ ਸਾਥੋਂ ਕੱਚਾ ਮਾਲ ਲੈ ਸਕੇਗਾ, ਜਿਵੇਂ ਅੱਜ ਲੈ ਰਿਹਾ ਹੈ ਜਾਂ ਪਹਿਲਾਂ ਲੈਂਦਾ ਰਿਹਾ ਹੈ? ਨਹੀਂ, ਇਹ ਸੰਭਵ ਨਹੀਂ। ਦੁਨੀਆਂ ਬਦਲ ਰਹੀ ਹੈ। ਹੁਣ ਬਸਤੀਵਾਦ ਦਾ ਯੁੱਗ ਨਹੀਂ, ਤੇ ਨਵ-ਬਸਤੀਵਾਦ ਨੂੰ ਵੀ ਰੱਦ ਕੀਤਾ ਜਾ ਰਿਹਾ ਹੈ। ਇੰਗਲੈਂਡ ਨੂੰ ਸਹੀ ਅਰਥਾਂ ਵਿਚ ਇੰਗਲੈਂਡ ਬਣਨਾ ਪਵੇਗਾ। ਹੁਣ ਇੰਗਲੈਂਡ ਇੰਗਲੈਂਡ ਨਹੀਂ, ਸਾਮਰਾਜੀ ਇੰਗਲੈਂਡ ਹੈ। ਅਤੇ ਲਫ਼ਜ਼ "ਸਾਮਰਾਜੀ" ਇੰਗਲੈਂਡ ਦੇ ਗੋਰੇ ਮੱਥੇ ਉਤੇ ਕਲੰਕ ਦਾ ਕਾਲਾ ਟਿੱਕਾ ਹੈ। ਇੰਗਲੈਂਡ ਨੂੰ ਆਪਣਾ ਸਾਮਰਾਜੀ ਖ਼ੱਸਾ ਛੱਡਣਾ ਪਵੇਗਾ। ਆਜ਼ਾਦ ਹੋਏ ਦੇਸ਼ਾਂ ਨਾਲ, ਜੋ ਵਿਕਾਸ ਕਰ ਰਹੇ ਹਨ ਤੇ ਉੱਚਾ ਉੱਠਣਾ ਚਾਹੁੰਦੇ ਹਨ, ਬਰਾਬਰਤਾ ਦੀ ਪੱਧਰ ਉਤੇ ਹੱਥ ਮਿਲਾਉਣਾ ਪਵੇਗਾ। ਫੇਰ ਹੀ ਇੰਗਲੈਂਡ ਆਪਣੀ ਹੋਂਦ ਕਾਇਮ ਰਖ ਸਕੇਗਾ। ਸਾਮਰਾਜੀ ਇੰਗਲੈਂਡ ਨਹੀਂ, ਕਿਰਤ ਕਰਨ ਵਾਲਾ ਇੰਗਲੈਂਡ। ਇਹ ਇੰਗਲੈਂਡ ਧਰਤੀ ਉਤੇ ਸਦਾ ਹੀ ਜੀਵਤ ਰਹੇਗਾ। ਹਾਂ, ਸਾਮਰਾਜੀ ਇੰਗਲੈਂਡ ਇਕ ਦਿਨ ਨਸ਼ਟ ਹੋ ਜਾਵੇਗਾ।

ਇੰਗਲੈਂਡ ਇਕ ਨਹੀਂ, ਦੋ ਹਨ। ਇਸੇ ਤਰ੍ਹਾਂ ਹੀ ਹਿੰਦੋਸਤਾਨ ਵੀ ਇਕ ਨਹੀਂ ਹੈ, ਦੋ ਹਨ। ਇਕ ਟਾਟੇ ਬਿਰਲੇ ਦਾ, ਜੋ ਸੌ ਵਿਚੋਂ ਦੋ ਹਨ ਤੇ ਇਕ ਮਿਹਨਤਕਸ਼ਾਂ ਦਾ ਜੋ ਸੌ ਵਿਚੋਂ ਅਠਾਨਵੇਂ ਹਨ। ਹਰ ਇਕ ਪੂੰਜੀਵਾਦੀ ਮੁਲਕ ਇਕ ਨਹੀਂ, ਦੋ ਹੁੰਦਾ ਹੈ। ਸਿਰਫ਼ ਸਮਾਜਵਾਦੀ ਮੁਲਕ ਹੀ ਇਕ ਇਕਾਈ ਹੁੰਦਾ ਹੈ।

ਇੰਗਲੈਂਡ ਇਕ ਜਜ਼ੀਰਾ ਹੈ। ਇਸ ਦੇ ਚਾਰ ਚੁਫੇਰੇ ਸਾਗਰ ਠਾਠਾਂ ਮਾਰ ਰਹੇ ਹਨ। ਹੁਣ ਇਹ ਸਾਗਰ ਪਾਣੀ ਦੇ ਹਨ। ਕਦੇ ਇਹ ਸਾਗਰ ਇਨਕਲਾਬ ਦੀ ਅੱਗ ਵਿਚ ਬਦਲ ਜਾਣੇ ਹਨ। ਫੇਰ ਇੰਗਲੈਂਡ ਕੀ ਕਰੇਗਾ? ਇਕ ਇੰਗਲੈਂਡ, ਤਾਜਾਂ ਵਾਲਾ, ਦੁਨੀਆਂ ਭਰ ਨੂੰ ਲੁੱਟਣ ਵਾਲਾ, ਸੜ ਕੇ ਭਸਮ ਹੋ ਜਾਵੇਗਾ। ਦੂਜਾ, ਸੁੱਚਾ ਸੋਨਾ ਇੰਗਲੈਂਡ, ਇਨਕਲਾਬ ਦੀਆਂ ਲਾਟਾਂ ਵਿਚੋਂ ਤਪ ਕੇ ਕੁੰਦਨ ਬਣ ਜਾਵੇਗਾ। ਇਹ ਲਾਲ ਇੰਗਲੈਂਡ ਹੋਵੇਗਾ।

(ਚਲਦਾ)



Namdhari Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE
QUALITY
MARK
PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ।

TRADE **JASPAL** MARK

Grams : HABI INDUSTRIES    Phone : 2737

## *HABI INDUSTRIES (Regd.)*

10 Industrial Area
PHAGWARA – 144401 (Pb.)



Namdhari Elibrary    NamdhariElibrary@gmail.com

Namdhari Elibrary NamdhariElibrary@gmail.com

Registered : P/JL—97 MONTHLY WARIAM May, 1978
Registered with the registrar of News Papers for India No. 26453/75

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

# ASOKA BISCUIT

## ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ




**WANTED SUB DEALERS**

## ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phone : 567786

## *Sri Hari Partap Trading Centre*

**Satguru Partap Singh Market, 10166 Gurdwara Road,**
**KAROL BAG — NEW DELHI-110005**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 6-6-1978

Namdhari Elibrary NamdhariElibrary@gmail.com